ਖੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101

ਪੰਜਾਬੀਅਤ ਦਾ ਪਹਿਰੇਦਾਰ

# ਦੇਸੀ ਪੰਜਾਬ

Daily Epaper ਪਟਿਆਲਾ ਤੋਂ ਪ੍ਰਕਾਸ਼ਿਤ


ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

RNI : PUNPUN/2021/80887 www.desipunjab.in DESI PUNJAB - May Email : desipunjabchannel@gmail.com

ਮੁੱਖ ਸੰਪਾਦਕ : ਨਵਤੇਜ ਸਿੰਘ ਫੋਨ : 0175-7962519 ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ :Postal Regd. PB/PAT/0333 (2022-2024)

ਰੋਜ਼ਾਨਾ ਪੰਜਾਬ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ -ਪੇਪਰ
A joint venture of Desi Punjab Print & Online Newspaper & Web TV
ਦੇਸੀ ਪੰਜਾਬ ਅਖਬਾਰ ਦੇ ਰੋਜ਼ਾਨਾ ਈ-ਪੇਪਰ ਵਿੱਚ ਕਵਿਤਾਵਾਂ, ਮਿੰਨੀ ਸਟੋਰੀਆਂ, ਆਰਟੀਕਲ ਆਦਿ ਦੇਣ ਲਈ ਸੰਪਰਕ ਕਰੋ :
Mob. : 97800-66060, Email : desipunjabchannel@gmail.com

ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਜ਼ਿਲ੍ਹਾ ਪਟਿਆਲਾ ਤੋਂ ਪ੍ਰਕਾਸ਼ਿਤ ਹੁੰਦੇ ਅਖ਼ਬਾਰ 'ਦੇਸੀ ਪੰਜਾਬ' ਨੂੰ ਮਾਝਾ, ਮਾਲਵਾ ਅਤੇ ਦੁਆਬਾ ਦੇ ਜ਼ਿਲ੍ਹਿਆਂ ਅਤੇ ਪਿੰਡਾਂ ਵਿੱਚੋਂ ਪੜ੍ਹੇ ਲਿਖੇ ਅਤੇ ਸੂਝਵਾਨ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਅਤੇ ਜ਼ਿਲ੍ਹਾ ਬਿਊਰੋ ਚੀਫ਼ ਬਣਨ ਲਈ ਅੱਜ ਹੀ ਸੰਪਰਕ ਕਰੋ।
9780066060

## ਸੀਵਰੇਜ ਸਿਸਟਮ ਦੈ ਮਾੜੇ ਪ੍ਰਬੰਧਾ ਦੇ ਖਿਲਾਫ ਧਰਨਾ ਛੇਵੇਂ ਦਿਨ ਜਾਰੀ/ ਸਰਕਾਰ ਨਹੀਂ ਸੁਣ ਰਹੀ ਅਵਾਜ਼



ਮਾਨਸਾ, 07 ਮਈ:- (ਗੁਰਪ੍ਰੀਤ ਧਾਲੀਵਾਲ)-ਵੋਇਸ ਆਫ ਮਾਨਸਾ ਵੱਲੋਂ ਸੀਵਰੇਜ ਸਿਸਟਮ ਦੈ ਮਾੜੇ ਪ੍ਰਬੰਧਾ ਦੇ ਖਿਲਾਫ ਲਾਏ ਗਏ ਧਰਨੇ ਨੂੰ ਉਸ ਸਮੇ ਜੋਰਦਾਰ ਸਮਰਥਨ ਮਿਲਆ ਜਦੋਂ ਸ਼ਹਿਰ ਦੀਆਂ ਸਮੂਹ ਸਮਾਜਿਕ,ਧਾਰਿਮਕ,ਵਪਾਰਕ ਸੰਸਥਾਵਾਂ ਤੋਂ ਇਲਾਵਾ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲੈਂਦਿਆਂ ਜਿਲ੍ਹਾ ਪ੍ਰਸਾਸ਼ਨ ਅਤੇ ਪੰਜਾਬ ਸਰਕਾਰ ਨੂੰ ਤਾੜਨਾ ਕਰਦਿਆਂ ਇਸ ਦੇ ਜਲਦੀ ਹੱਲ ਲਈ ਅਪੀਲ ਕੀਤੀ।
ਵੋਇਸ ਆਫ ਮਾਨਸਾ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਕਾਕਾ ਸਾਬਕਾ ਪ੍ਰਧਾਨ ਨਗਰ ਕੌਂਸਲ ਮਾਨਸਾ,ਡਾ,ਲਖਵਿੰਦਰ ਸਿੰਘ ਮੂਸਾ ਅਤੇ ਜਤਿੰਦਰ ਆਗਰਾ ਨੇ ਕਿਹਾ ਕਿ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਭਲੇਮਾਣਸਾਂ ਦਾ ਸ਼ਹਿਰ ਹੈ ਪਰ ਆਪਣੇ ਹੱਕਾਂ ਲਈ ਮਾਨਸਾ ਵਾਸੀਆਂ ਵੱਲੋਂ ਕੀਤੇ ਸਘਰੰਸ਼ ਨੂੰ ਅੱਜ ਵੀ ਯਾਦ ਕੀਤਾ ਜਾਦਾਂ ਹੇ।
ਅੱਜ ਧਰਨੇ ਦੇ ਛੇਵੇਂ ਦਿਨ ਕਾਮਰੇਡ ਲਾਲ ਚੰਦ ਯਾਦਵ, ਸ਼ਿਵ ਸੈਨਾ ਆਗੂ ਤਰਸੇਮ ਚੰਦ,ਕਾਮਰੇਡ ਰਾਜ ਕੁਮਾਰ ਗਰਗ ਬਾਲਾ ਰਾਮ ਸੇਵਾਦਾਰ ਅਤੇ ਮਹਿੰਦਰਪਾਲ ਗੁਰਪ੍ਰਸ਼ਾਦੀ ਭੁੱਖ ਹੜਤਾਲ ਤੇ ਬੇਠ ਕੁ ਆਪਣਾ ਯੋਗਦਾਨ ਪਾਇਆ।
ਧਰਨੇ ਨੂੰ ਸਬੰਧਨ ਕਰਦਿਆਂ ਵੋਇਸ ਆਫ ਮਾਨਸਾ ਦੇ ਪ੍ਰਧਾਨ ਡਾ ਜਨਕ ਰਾਜ ਸਿੰਗਲਾਂ ਨੇ ਕਿਹਾ ਕਿ ਕੁਝ ਲੋਕ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਸਾਡੇ ਤੇ ਰਾਜਨੀਤੀ ਕਰਨ ਦਾ ਇੰਲਜਾਮ ਲਾਉਦੇ ਹਨ ਪਰ ਉਹ ਨਹੀ ਜਾਣਦੇ ਕਿ ਇਸ ਧਰਨੇ ਵਿੱਚ ਸ਼ਾਮਲ ਸਾਰੇ ਲੋਕ ਬੁੱਧੀਜੀਵੀ ਵਰਗ ਦੀ ਨੁਮਾਇਦੰਗੀ ਕਰਦੇ ਹਨ। ਇਸ ਵਿੱਚ ਸ਼ਹਿਰ ਦੇ ਸਮੂਹ ਸੀਨੀਅਰ ਡਾਕਟਰ, ਸੇਵਾ ਮੁਕਤ ਗਜਿਟਡ ਅਧਿਕਾਰੀ, ਅਧਿਆਪਕ ਅਤੇ ਮੁਲਾਜਮ ਵਰਗ,ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ,ਪੈਨਸ਼ਨ ਵੈਲਫੇਅਰ ਐਸੋਸੀਏਸ਼ਨ ਤੋਂ ਇਲਾਵਾ ਪ੍ਰਾਈਵੇਟ ਟਰਾਂਸਪੋਰਟ ਐਸੋਸੀਏਸ਼ਨ ਵੀ ਸ਼ਾਮਲ ਹਨ।
ਧਰਨੇ ਨੂੰ ਸੰਬੋਧਨ ਕਰਦਿਆਂ ਕਰਿਆਣਾ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਨੰਦਗੜੀਆ,ਸਨਾਤਮ ਧਰਮ ਦੇ ਵਿਨੋਦ ਭੰਮਾ,ਬਿੰਦਰ ਪਾਲ ਤਰਸੇਮ ਚੰਦ ਠੇਕੇਦਾਰ ਨੇ ਕਿਹਾ ਕਿ ਸੀਵਰੇਜ ਦੀ ਸਮੱਸਿਆ ਜੋ ਹੁਣ ਤੱਕ ਕੁਝ ਖੇਤਰ ਤੱਕ ਸੀਮਤ ਸੀ ਨੇ ਹੁਣ ਸਾਰੇ ਸ਼ਹਿਰ ਨੂੰ ਘੇਰ ਲਿਆ ਹੈ ਅਤੇ ਨਗਰ ਕੌਂਸਲ ਦੇ ਕਰਮਚਾਰੀ ਅਤੇ ਅਧਿਕਾਰੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਸ਼ਹਿਰ ਵਾਸੀਆਂ ਨਾਲ ਮਾੜਾ ਸਲੂਕ ਕਰਦੇ ਹਨ।
ਧਰਨੇ ਨੂੰ ਸੰਬੋਧਨ ਕਰਦਿਆਂ ਸਰਵ ਭਾਰਤੀ ਸ਼ੋਸ਼ਲਿਸਟ ਪਾਰਟੀ ਦੀ ਸੀਨੀਅਰ ਆਗੂ ਹਰਿੰਦਰ ਸਿੰਘ ਮਾਨਸ਼ਾਹੀਆ, ਘਨਸ਼ਾਮ ਨਿਕੂ, ਬਿੱਕਰ ਸਿੰਘ ਮਘਾਣੀਆ ਅਤੇ ਡਾ.ਸ਼ੇਰਜੰਗ ਸਿੰਘ ਸਿੱਧੂ ਨੇ ਕਿਹਾ ਕਿ ਨਗਰ ਕੋਸ਼ਲ ਦੇ ਪ੍ਰਧਾਨ ਅਤੇ ਹੋਰ ਆਗੂਆਂ ਤੋਂ ਇਲਾਵਾ ਮਜੂਦਾ ਐਮ.ਐਲ.ਏ ਵੀ ਕੁੰਭਕਰਣ ਦੀ ਨੀਦ ਸੌਂ ਰਿਹਾ ਹੈ ਅਤੇ ਲੋਕਾਂ ਦੇ ਸੱਦਾ ਪੱਤਰ ਦੀ ਉਡੀਕ ਕਰ ਰਿਹੇ ਹਨ।
ਮੰਚ ਸੰਚਾਲਨ ਕਰਦਿਆਂ ਧਰਨੇ ਨੂੰ ਸੰਬੋਧਨ ਕਰਦਿਆਂ ਯੁਵਾ ਕੇਦਰ ਦੇ ਸੇਵਾ ਮੁਕਤ ਸੀਨੀਅਰ ਅਧਿਕਾਰੀ ਡਾ.ਸੰਦੀਪ ਘੰਡ ਅਤੇ ਵਾਇਸ ਆਫ ਮਾਨਸਾ ਦੇ ਜਨਰਲ ਸਕੱਤਰ ਵਿਸ਼ਵਦੀਪ ਬਰਾੜ ਨੇ ਕਿਹਾ ਕਿ ਲੱਗਦਾ ਕਿ ਸਰਕਾਰ ਸਾਡੀ ਸ਼ਰਾਫਤ ਨੂੰ ਹਲਕੇ ਵਿੱਚ ਲੇ ਰਹੀ ਹੈ ਅਸੀ ਵੀ ਇਸ ਦਾ ਸ਼ਾਤੀਪੁਰਨ ਹੱਲ ਚਾਹੁੰਦੇ ਹਾਂ। ਜੇਕਰ ਸਾਡੀਆਂ ਮੰਗਾਂ ਨੂੰ ਪੂਰਾ ਨਾ ਕੀਤਾ ਗਿਆ ਤਾਂ ਇਸ ਦਾ ਅਸਰ ਵੋਟਾਂ ਤੇ ਜ਼ਰੂਰ ਪਵੇਗਾ। ਕਾਮਰੇਡ ਸਿਵ ਚਰਨ ਦਾਸ ਸੂਚਨ, ਗੁਰਮੇਲ ਕੌਰ ਜੋਸ਼ੀ, ਸੇਠੀ ਸਿੰਘ ਸਰਾਂ, ਕਾਮਰੇਡ ਕੁਲਵਿੰਦਰ ਸਿੰਘ ਉਡਤ, ਮਨਜੀਤ ਸਿੰਘ ਮੀਹਾਂ, ਕਾਮਰੇਡ ਰਾਜ ਕੁਮਾਰ ਗਰਗ, ਸੀਨੀਅਰ ਆਗੂ ਦੇਵਿੰਦਰ ਸਿੰਘ ਟੈਕਸਲਾ,ਭਾਰਤੀ ਜੰਤਾ ਪਾਰਟੀ ਦੇ ਜਿਲ੍ਹਾ ਪ੍ਰਧਾਨ ਰਾਕੇਸ ਜੈਨ, ਟਰਾਂਸਪੋਰਟ ਐਸੋਸੀਏਸ਼ਨ ਦੇ ਗੁਰਦੀਪ ਸਿੰਘ ਨੇ ਦੱਸਿਆ ਕਿ ਅੱਜ ਦਾ ਧਰਨਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਮੂਹ ਜਥੇਬੰਦੀਆਂ ਨੇ ਸ਼ਮੂਲੀਅਤ ਕੀਤੀ ਇੱਕ ਛੋਟਾ ਜਿਹਾ ਟਰੈਲਿਰ ਹੈ ਅਤੇ ਜੇਕਰ ਮਸਲੇ ਦਾ ਹੱਲ ਨਾ ਨਿਕਲਿਆ ਤਾਂ ਹੋ ਸਕਦਾ ਹੈ ਕਿ ਹੋ ਸਕਦਾ ਹੈ ਕਿ ਇਹ ਗੱਲ ਵੋਇਸ ਆਫ ਮਾਨਸਾ ਦੇ ਹੱਥ ਵਿੱਚੋਂ ਨਿੱਕਲ ਜਾਵੇ ਇਸ ਲਈ ਉਸ ਦੇ ਨਤੀਜਜਿਆਂ ਲਈ ਜਿਲਾਂ ਪ੍ਰਸਾਸ਼ਨ ਜਿੰਮੇਵਾਰ ਹੋਵੇਗਾ।
ਆਗੂਆਂ ਨੇ ਕਿਹਾ ਕਿ ਸੀਵਰੇਜ ਦੀ ਸਮੱਸਿਆ ਦੇ ਨਾਲ ਨਾਲ ਅਵਾਰਾ ਪਸ਼ੂਆਂ,ਹਲਕੇ ਕੁੱਤਿਆਂ ਅਤੇ ਹੋਰ ਵੀ ਕਈ ਸਮੱਸਿਆਵਾਂ ਹਨ ਪਰ ਸੀਵਰੇਜ ਦੀ ਸਮੱਸਿਆ ਅਜਿਹੀ ਸਮੱਸਿਆ ਹੈ ਜਿਸ ਨਾਲ ਸਾਨੂੰ ਘਰਾਂ ਵਿੱਚ ਜਾਣਾ ਵੀ ਮੁਸ਼ਿਕਲ ਹੋ ਜਾਵੇਗਾ।ਉਹਨਾਂ ਕਿਹਾ ਕਿ ਸ਼ਹਿਰਾਂ ਵਿੱਚ ਬਾਹਰ ਖੁੱਲੇ ਵਿੱਚ ਪਖਾਨੇ ਜਾਣਾ ਵੀ ਅਸੰਭਵ ਹੈ।ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਿਕਰ ਸਿੰਘ ਮਘਾਣੀਆਂ,ਓੱਘੀ ਸਮਾਜ ਸੇਵਕਾ ਅਤੇ ਸਤਤਰੰਤਾ ਸੈਨਾਨੀ ਪ੍ਰੀਵਾਰ ਦੀ ਮੈਬਰ ਜੀਤ ਦਹੀਆ ਜੋ ਵੱਡੀ ਗਿਣਤੀ ਵਿੱਚ ਆਪਣੇ ਚਲ ਰਹੇ ਸਿਲਾਈ ਸੈਟਰਾਂ ਦੀ ਲੜਕੀਆਂ ਨਾਲ ਸ਼ਾਮਲ ਹੋਈ ਨੇ ਕਿਹਾ ਕਿ ਸਰਕਾਰ ਲਈ ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਸਾਡੇ ਬਜ਼ੁਰਗ ਤਪਦੀ ਗਰਮੀ ਵਿੱਚ ਸੜਕਾਂ ਤੇ ਬੇਠੈ ਹਨ ਉਹਨਾਂ ਸਰਕਾਰ ਨੂੰ ਤਾੜਨਾ ਦਿਿੰਦੰਆਂ ਕਿਹਾ ਕਿ ਜੇਕਰ ਸਾਡੀ ਸਮੱਸਿਆ ਦਾ ਹੱਲ ਨਾ ਕੱਢਿਆ ਗਿਆ ਤਾਂ ਮਜਬੂਰਨ ਸਾਰੀ ਨਾਰੀ ਸ਼ਕਤੀ ਨੂੰ ਸੜਕਾਂ ਤੇ ਆਣੁ ਲਈ ਮਜਬੂਰ ਹੋਣਾ ਪਵੇਗਾ।ਧਰਨੇ ਨੂੰ ਹੋਰਨਾਂ ਤੇ ਇਲਾਵਾ ਵੋਇਸ ਆਫ ਮਾਨਸਾ ਦੇ ਸਕੱਤਰ ਵਿਸ਼ਵਦੀਪ ਬਰਾੜ ਨੇ ਵੀ ਸੰਬੋਧਨ ਕੀਤਾ।ਐਸੋਸੀਏਸ਼ਨ ਗੁਰਦੀਪ ਸਿੰਘ,ਵਿਸ਼ਵਕਰਮਾ ਮੰਦਰ ਕਮੇਟੀ ਵੱਲੋਂ ਹਰਜੀਤ ਸਿੰਘ ਸੱਗੂ,ਬਲਵਿੰਦਰ ਧਾਲੀਵਾਲ,ਬਲਵੰਤ ਭਾਟੀਆਂ ਐਡਵੋਕੇਟ,ਰਜਿੰਦਰ ਕੌਰ ਅਕਲੀਆ,ਤੇਵਿੰਦਰ ਕੌਰ ਐਡਵੋਕੇਟ,ਬਲਰਾਜ ਨੰਗਲ,ਰਾਜ ਜੋਸ਼ੀ,ਉਮ ਪ੍ਰਕਾਸ਼ ਸਾਨਕਾ ਪੀਸੀਐਸ ਅਧਿਕਾਰੀ ਉਮ ਪ੍ਰਕਾਸ਼ ਜਿੰਦਲ ਸਾਬਕਾ ਤਹਸੀਲਦਾਰ ਮੋੜ,ਪੈਨਸ਼ਰ ਐਸੋਸੀਏਸ਼ਨ ਜਗਦੀਸ਼ ਰਾਏ,ਲਖਨ ਲਾਲ,ਪੁਲੀਸ ਐਸੋਸੀਏਸ਼ਨ ਲਾਭ ਸਿੰਘ,ਇੰਜ,ਨਰਿੰਦਰ ਕੁਮਾਰ,ਜਗਸੀਰ ਸਿੰਘ ਸੇਵਾ ਮੁਕਤ ਇੰਸਪੈਕਟਰ,ਹਰਜੀਵਨ ਸਿੰਘ ਸਰਾਂ ਰੁਲਦੂ ੇਸਿੰਘ,ਸਨਾਤਮ ਧਰਮ ਸਭਾ ਦੇ ਰੁਲਦੂ ਸਿੰਘ,ਵਿਨੋਦ ਭੰਮਾ,ਕਰਿਆਨਾ ਐਸੋਸੀਏਸ਼ਨ ਦੇ ਸੁਰੇਸ਼ ਨੰਦਗੜੀਆ,ਇਲੈਟ੍ਰਇਨਿਕ ਐਸੋਸੀਏਸ਼ਨ ਦੇ ਬਿਕਰਮਜੀਤ ਸਿੰਘ ਟੈਕਸਲਾ ਮੈਡੀਕਲ ਲੈਬਾਰਟੀਰਜ ਦੇ ਨਰਿੰਦਰ ਗੁਪਤਾ,ਕੇਵਲ ਸਿੰਘ ਸੇਵਾ ਮੁਕਤ ਮਲੇਰੀਆ ਅਫਸਰ,ਡਾ.ਤ੍ਰਿਲੋਕ ਸਿੰਘ, ,ਗੁਰਚਰਨ ਸਿੰਘ ਮੰਦਰਾਂ,ਰਾਮ ਨਾਟਕ ਕਲੱਬ,ਜੇ ਮਾਤਾ ਚਿੰਤ ਪੁਰਨੀ ਸੇਵਾ ਸੁਸਾਿਇਟੀ,ਬਾਦਸ਼ਾਂਹ ਸਿੰਘ ਜੀਤ ਸਿੰਘ ਸੁਪਰਡੈਂਟ ਸੀਵਰੇਜ ਕਮੇਟੀ,ਉਬੀਸੀ ਵੈਲਫੇਅਰ ਐਸੋਸੀਏਸ਼ਨ ਮਾਨਸਾ,ਪੁਲੀਸ ਪੈਨਸਮਰ ਐਸੋਸੀਏਸ਼ਨ,ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ ਮਾਨਸਾ.ਗੁਰਦੇਵ ਸਿੰਘ ਧੀਮਾਣ,ਕੇਸਰ ਸਿੰਘ ਧਲੇਵਾਂ

## ਜੈਂਤੀਪੁਰ ਪਰਿਵਾਰ ਵਲੋਂ ਸੁਖਜਿੰਦਰ ਰੰਧਾਵਾ ਦੇ ਹੱਕ ਵਿਚ ਰੱਖੀ ਗਈ ਅਹਿਮ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

### 5 ਹਜ਼ਾਰ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਸੁਖਜਿੰਦਰ ਰੰਧਾਵਾ ਦੀ ਜਿੱਤ 'ਤੇ ਲਾਈ ਮੋਹਰ

### ਸੁਖਜਿੰਦਰ ਰੰਧਾਵਾ ਨੂੰ ਬਟਾਲਾ ਹਲਕੇ ਤੋਂ ਹਜਾਰਾਂ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਿਆ ਜਾਵੇਗਾ : ਰਾਜਿੰਦਰ ਕੁਮਾਰ ਜੈਂਤੀਪੁਰ, ਐਡਵੋਕੇਟ ਅਮਨਦੀਪ ਜੈਂਤੀਪੁਰ





ਬਟਾਲਾ, 7 ਮਈ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ/ਅਸ਼ੋਕ ਜਰੇਵਾਲ) - ਜੈਤੀਪੁਰ ਪਰਿਵਾਰ ਵਲੋਂ ਆਪਣੇ ਜੱਦੀ ਪਿੰਡ ਜੈਤੀਪੁਰ ਵਿਖੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਦੇ ਹੱਕ ਵਿਚ ਰੱਖੀ ਇਕ ਮੀਟਿੰਗ ਨੇ ਉਸ ਸਮੇਂ ਰੈਲੀ ਦਾ ਰੂਪ ਧਾਰ ਲਿਆ ਜਦੋਂ 5 ਹਜ਼ਾਰ ਤੋਂ ਵੱਧ ਲੋਕਾਂ ਨੇ ਇਸ ਠਾਠਾ ਮਾਰਦੇ ਇਕੱਠ ਵਿਚ ਸਮੂਲੀਅਤ ਕੀਤੀ। ਇਸ ਮੀਟਿੰਗ ਵਿਚ ਵਿਧਾਨ ਸਭਾ ਹਲਕਾ ਬਟਾਲਾ ਤੋਂ 15 ਮੌਜੂਦਾ ਕੌਂਸਲਰ, 15 ਸਾਬਕਾ ਕੌਂਸਲਰ, 30 ਪੰਚਾਇਤਾਂ ਸਮੇਤ ਮੌਜੂਦਾ ਅਤੇ ਸਾਬਕਾ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿਚ ਬਟਾਲਾ ਹਲਕੇ ਦੇ ਵਰਕਰਾਂ, ਆਗੂਆਂ, ਹਲਕੇ ਦੇ ਮੋਹਤਬਰ ਵਿਅਕਤੀਆਂ ਸਮੇਤ ਸਿਰਫ ਬਟਾਲਾ ਹਲਕੇ ਤੋਂ ਉਮੜੇ ਲੋਕਾਂ ਦੇ ਇਕੱਠ ਨੂੰ ਸੰਬੋਧਿਤ ਕਰਦਿਆਂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਦੇਖਣ ਨੂੰ ਮਿਲਿਆ ਹੈ ਕਿ ਜੈਂਤੀਪੁਰ ਪਰਿਵਾਰ ਨਾਲ ਬਟਾਲਾ ਹਲਕੇ ਦੇ ਲੋਕ ਜਿੱਥੇ ਦਿਲੋਂ ਪਿਆਰ ਕਰਦੇ ਹਨ ਅਤੇ ਉਹਨਾਂ ਦੇ ਇਕ ਸੱਦੇ 'ਤੇ ਅੱਜ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਇੱਥੇ ਪਹੁੰਚ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਜੈਂਤੀਪੁਰ ਪਰਿਵਾਰ ਨਾਲ ਦਿਲੋਂ ਜੁੜੇ ਹਨ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਹਰ ਕਾਂਗਰਸੀ ਦਾ ਇਹ ਫਰਜ ਬਣਦਾ ਹੈ ਕਿ ਉਹ ਪੂਰੀ ਮਜ਼ਬੂਤੀ ਨਾਲ ਪਾਰਟੀ ਲਈ ਪ੍ਰਚਾਰ ਕਰੋ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੂਰੀ ਮਿਹਨਤ ਕਰੋ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੈਂ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਲੋਕ ਮੈਨੂੰ ਪਾਰਲੀਮੈਂਟ ਵਿਚ ਭੇਜਣਗੇ ਤਾਂ ਸਰਹੱਦੀ ਹਲਕਾ ਗੁਰਦਾਸਪੁਰ ਦੇ ਮਸਲੇ ਜੋਰਦਾਰ ਢੰਗ ਨਾਲ ਲੋਕ ਸਭਾ ਵਿਚ ਚੁੱਕਾਗਾਂ ਅਤੇ ਲੋਕਾਂ ਦੀ ਆਵਾਜ਼ ਬਣ ਕੇ ਸੰਸਦ ਵਿਚ ਗੂੰਜਾਂਗਾ। ਇਸ ਮੌਕੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਸਾਬਕਾ ਚੇਅਰਮੈਨ ਰਾਜਿੰਦਰ ਕੁਮਾਰ ਪੱਪੂ ਜੈਤੀਪੁਰ ਅਤੇ ਐਡਵੋਕੇਟ ਅਮਨਦੀਪ ਜੈਤੀਪੁਰ ਨੇ ਕਿਹਾ ਕਿ ਅਸੀਂ ਸਾਰਿਆਂ ਨੇ ਇਕਜੁੱਟ ਹੋ ਕੇ ਸ.ਸੁਖਜਿੰਦਰ ਸਿੰਘ ਰੰਧਾਵਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਾ ਹੈ। ਕਿਉਂਕਿ ਸ.ਸੁਖਜਿੰਦਰ ਸਿੰਘ ਰੰਧਾਵਾ ਕਾਂਗਰਸ ਪਾਰਟੀ ਦੇ ਇਕ ਮਜ਼ਬੂਤ ਲੀਡਰ ਹਨ ਅਤੇ ਆਪਣੀ ਕਹਿਣੀ ਅਤੇ ਕਰਨੀ ਉਪਰ ਖਰੇ ਉਤਰਨ ਵਾਲੇ ਸਿਆਸਤਦਾਨ ਹਨ। ਉਹਨਾਂ ਕਿਹਾ ਕਿ ਅੱਜ ਕੇਂਦਰ ਦੀ ਸੱਤਾ 'ਤੇ ਕਾਂਗਰਸ ਪਾਰਟੀ ਨੂੰ ਲਿਆਉਣਾ ਬਹੁਤ ਜਰੂਰੀ ਹੈ ਇਸ ਲਈ ਸਾਨੂੰ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣਾ ਹੋਵੇਗਾ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਗਰੀਬ ਅਤੇ ਮੱਧ ਵਰਗ ਦੀ ਬਾਂਹ ਫੜੀ ਹੈ। ਐਡਵੋਕੇਟ ਅਮਨਦੀਪ ਜੈਂਤੀਪੁਰ ਨੇ ਕਿਹਾ ਕਿ ਅੱਜ ਦੇ ਇਸ ਲਾ ਮਿਸਾਲ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵਿਧਾਨ ਸਭਾ ਹਲਕਾ ਬਟਾਲਾ ਤੋਂ ਸ.ਸੁਖਜਿੰਦਰ ਸਿੰਘ ਰੰਧਾਵਾ ਨੂੰ ਹਜਾਰਾਂ ਦੀ ਲੀਡ ਨਾਲ ਜਿਤਾਇਆ ਜਾਵੇਗਾ। ਐਡਵੋਕੇਟ ਅਮਨਦੀਪ ਜੈਤੀਪੁਰ ਨੇ ਕਿਹਾ ਕਿ ਸ.ਸੁਖਜਿੰਦਰ ਸਿੰਘ ਰੰਧਾਵਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਦਿਨ ਰਾਤ ਇਕ ਕਰ ਦਿਆਂਗੇ ਅਤੇ ਘਰ ਘਰ ਜਾ ਕੇ ਉਹਨਾਂ ਲਈ ਵੋਟਾਂ ਮੰਗੀਆਂ ਜਾਣਗੀਆਂ। ਅੱਜ ਦਾ ਇਹ ਰਿਕਾਰਡਤੋੜ ਇਕੱਠ ਇੰਨਾ ਵਿਸ਼ਾਲ ਸੀ ਕਿ ਕਾਰਾਂ ਦੇ ਕਾਫਲਿਆਂ ਦੇ ਚੱਲਦਿਆਂ ਜੈਂਤੀਪੁਰ ਪਿੰਡ ਤੋਂ ਲੈ ਕੇ ਬਟਾਲਾ ਤੱਕ ਜਾਮ ਲੱਗਾ ਰਿਹਾ।
ਸੰਤੀਪੁਰ ਪਰਿਵਾਰ ਸਾਰਿਆਂ ਦਾ ਹਮੇਸ਼ਾ ਰਿਣੀ ਰਹੇਗਾ:
ਐਡਵੋਕੇਟ ਅਮਨਦੀਪ ਜੈਤੀਪੁਰ ਇਸ ਮੌਕੇ ਐਡਵੋਕੇਟ ਅਮਨਦੀਪ ਜੰਤੀਪੁਰ ਨੇ ਸਾਰੇ ਮੌਜੂਦਾ ਅਤੇ ਸਾਬਕਾ ਕੌਂਸਲਰਾਂ, ਪੰਚਾਂ, ਸਰਪੰਚਾਂ ਅਤੇ ਪੰਚਾਇਤਾਂ ਸਮੇਤ ਹਲਕਾ ਬਟਾਲਾ ਦੇ ਲੋਕਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਹਜਾਰਾਂ ਦੀ ਗਿਣਤੀ ਵਿਚ ਲੋਕ ਇੱਥੇ ਪਹੁੰਚ ਕੇ ਜਿਹਨਾਂ ਨੇ ਮੇਰਾ ਮਾਣ ਵਧਾਇਆ ਹੈ ਅਤੇ ਮੈਨੂੰ ਮਾਣ ਬਖਸਿਆ ਹੈ ਅਤੇ ਮੈਂ ਵਿਸ਼ਵਾਸ ਦਿਵਾਉਣਾ ਹਾਂ ਕਿ ਹਰ ਵਰਕਰ ਦੀ ਸੇਵਾ ਵਿਚ ਮੈਂ ਦਿਨ ਰਾਤ ਹਾਜ਼ਰ ਹਾਂ ਅਤੇ ਕਿਸੇ ਨੂੰ ਵੀ ਕਿਸੇ ਤਰਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਪੂਰਾ ਜੈਂਤੀਪੁਰ ਪਰਿਵਾਰ ਬਟਾਲੇ ਦੇ ਇਕ ਇਕ ਵਿਅਕਤੀ ਦਾ ਹਮੇਸ਼ਾ ਰਿਣੀ ਰਹੇਗਾ।

## ਜੇ ਕਿਸਾਨ ਆਪਣੀ ਰਾਜਧਾਨੀ ਦਿੱਲੀ ਵਿਚ ਨਹੀਂ ਜਾ ਸਕਦੇ ਹੁਣ ਬੀ ਜੇ ਪੀ ਆਗੂਆਂ ਨੂੰ ਪਿੰਡਾਂ ਵਿੱਚ ਕਿਸਾਨਾਂ ਤੋਂ ਵੋਟਾਂ ਮੰਗਣ ਦਾ ਕੋਈ ਅਧਿਕਾਰ ਨਹੀਂ --ਸਤਨਾਮ ਸਿੰਘ ਬਹਿਰੂ, ਬੀ ਜੇ ਪੀ ਨੂੰ ਵੋਟ ਨਾ ਪਾਓ, ਆਪਣੇ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਓ -ਪ੍ਰਧਾਨ ਭੁੱਲਰ



ਗੁਰਤੇਜ ਜੋਸੀ- ਮਲੇਰਕੋਟਲਾ 7 ਮਈ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਾਲ 2014 ਤੋਂ 2024 ਤੱਕ ਕਿਸਾਨਾਂ ਮਜ਼ਦੂਰਾਂ ਛੋਟੇ ਕਾਰੋਬਾਰੀਆਂ ਦੇ ਖਿਲਾਫ ਲਏ ਗਏ ਫੈਸਲਿਆ ਦੀ ਸਮੀਖਿਆ ਕਰਦਿਆਂ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸ੍ਰ ਸਤਨਾਮ ਸਿੰਘ ਬਹਿਰੂ ਨੇ ਪੰਜਾਬ ਹਰਿਆਣਾ ਸਮੇਤ ਪੂਰੇ ਦੇਸ਼ ਦੇ ਵੋਟਰਾਂ ਨੂੰ ਭਾਵੁਕ ਅਪੀਲ ਕਰਦਿਆਂ ਬੇਨਤੀ ਕੀਤੀ ਹੈ ਕਿ ਜੇਕਰ ਤੁਸੀਂ ਆਪਣੇ ਹਿੱਤ ਸੁਰੱਖਿਅਤ ਰੱਖਣਾ ਚਾਹੁੰਦੇ ਹੋ ਤਾਂ ਸ਼ੁਰੂ ਹੋਈਆਂ ਪਾਰਲੀਮੈਂਟ ਚੋਣ ਦੌਰਾਨ ਬੀਜੇਪੀ ਵਲੋਂ ਖੜ੍ਹੇ ਕੀਤੇ ਉਮੀਦਵਾਰਾਂ ਨੂੰ ਆਪਣੀ ਵੋਟ ਨਾ ਪਾਉ ਅਤੇ ਹੋਰ ਦੂਜੀਆਂ ਪਾਰਟੀਆਂ ਵੱਲੋਂ ਖੜ੍ਹੇ ਕੀਤੇ ਉਮੀਦਵਾਰਾਂ ਵਿਚੋਂ ਆਪਣੀ ਪਸੰਦੀ ਦੇ ਚੰਗੇ ਅਖ਼ਲਾਕ ਵਾਲੇ ਇਨਸਾਨ ਨੂੰ ਵੋਟ ਪਾਕੇ ਬੀਜੇਪੀ ਨੂੰ ਵੋਟ ਦੀ ਚੋਟ ਲਾਲ ਚਿੱਤ ਕਰੋ ਉਹਨਾਂ ਕਿਹਾ ਕਿ ਪਿਛਲੇ ਦਸਾਂ ਸਾਲਾਂ ਵਿੱਚ ਕਾਰਪੋਰੇਟ ਘਰਾਣਿਆ ਦਾ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹਿੱਤ ਪੂਰਦੀ ਆ ਰਹੀ ਹੈ ਅਤੇ ਰੇਲਵੇ ਏਅਰਪੋਰਟ ਵਰਗੀਆਂ ਸੰਸਥਾਵਾਂ ਤੇ ਅੰਡਾਨੀ ਅੰਬਾਨੀ ਨੂੰ ਵੇਚਨ ਤੋਂ ਬਾਅਦ ਹੁਣ ਬੀਜੇਪੀ ਦੀ ਅੱਖ ਦੇਸ਼ ਦੇ ਕਿਸਾਨਾਂ ਦੀਆਂ ਜ਼ਮੀਨਾਂ ਤੇ ਖੇਤੀ ਅਤੇ ਮੰਡੀ ਕਰਨ ਵਰਗੇ ਕਾਰੋਬਾਰ ਨੂੰ ਵੀ ਕਾਰਪੋਰੇਟ ਘਰਾਣਿਆ ਦੇ ਹਵਾਲੇ ਕਰਨ ਜਾ ਰਹੀ ਹੈ ।ਇਸ ਫਿਰਕੂ ਵਿਚਾਰਧਾਰਾ ਨੂੰ ਖੂੰਡਾ ਕਰਨ ਲਈ ਦੇਸ਼ ਦੇ ਸੂਝਵਾਨ ਵੋਟਰਾਂ ਨੂੰ ਇਹ ਹੱਥ ਆਇਆ ਸੁਨਹਿਰੀ ਮੌਕਾ ਨਹੀਂ ਗਵਾਉਣਾ ਚਾਹੀਦਾ ਸ੍ਰ ਬਹਿਰੂ ਨੇ ਬੀਜੇਪੀ ਦੀ ਕਿਸਾਨ ਵਿਰੋਧੀ ਨੀਤੀਆਂ ਤੇ ਗੱਲ ਕਰਦਿਆ ਕਿਹਾ ਕਿ 2020 ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਕਾਰਪੋਰੇਟ ਘਰਾਇਆ ਦਾ ਕਬਜਾ ਕਰਵਾਉਣ ਲਈ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਤਿੰਨ ਕਾਲੇ ਕਾਨੂੰਨ ਲਿਆਂਦੇ ਸੀ ਜਿਸ ਦੇ ਵਿਰੋਧ ਵਜੋਂ ਦੇਸ ਦੇ ਕਿਸਾਨਾਂ ਵੱਲੋਂ ਦਿੱਲੀ ਦੇ ਵੱਖ ਵੱਖ ਬਾਡਰਾਂ ਤੇ ਸਾਲ ਤੋਂ ਵੱਧ ਦੇਸ਼ ਵਿਆਪਕ ਕਿਸਾਨ ਅੰਦੋਲਨ ਕਰਕੇ ਹੈਂਕੜਬਾਜ਼ ਪ੍ਰਧਾਨ ਮੰਤਰੀ ਦੀਆਂ ਗੋਡਣੀਆਂ ਲਵਾ ਕੇ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕੀਤਾ ਅਤੇ ਕਿਸਾਨਾਂ ਦੀਆਂ ਹੋਰ ਭਖਦੀਆਂ ਮੰਗਾਂ ਤੇ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਬਾਰੇ ਲਿਖਤੀ ਸਮਝੌਤਾ ਅੰਦੋਲਨਕਾਰੀ ਕਿਸਾਨਾਂ ਨਾਲ ਹੋਇਆ ਸੀ ਪਰ ਜਦੋਂ ਕੇਂਦਰ ਸਰਕਾਰ ਲਿਖਤੀ ਸਮਝੌਤੇ ਤੋਂ ਭੱਜਣ ਲੱਗੀ ਤਾਂ ਪੰਜਾਬ ਹਰਿਆਣਾ ਦੇ ਕਿਸਾਨ ਜਥੇਬੰਦੀਆਂ ਵੱਲੋਂ 13 ਫਰਵਰੀ 2024 ਨੂੰ ਦਿੱਲੀ ਚੱਲੋਂ ਦਾ ਐਲਾਨ ਕੀਤਾ ਤਾਂ ਕੇਂਦਰ ਅਤੇ ਹਰਿਆਣਾ ਸਰਕਾਰ ਨੇ ਹਰਿਆਣਾ ਦੇ ਬਾਡਰਾਂ ਤੇ ਵੱਡੀਆਂ ਰੋਕਾਂ ਲਾਕੇ ਸ਼ਾਂਤਮਈ ਰੂਪ ਵਿੱਚ ਦਿੱਲੀ ਜਾ ਰਹੇ ਹਜ਼ਾਰਾਂ ਕਿਸਾਨਾਂ ਮਜਦੂਰਾਂ ਨੂੰ ਇਕੱਲਾ ਦਿੱਲੀ ਜਾਣ ਤੋਂ ਹੀ ਨਹੀਂ ਰੋਕਿਆ ਸਗੋਂ ਉਨ੍ਹਾਂ ਤੇ ਅੱਥਰੂ ਗੈਸ ਅਤੇ ਗੋਲਾਬਾਰੀ ਕਰਕੇ 400 ਤੋਂ ਵੱਧ ਕਿਸਾਨਾਂ ਨੂੰ ਲਹੂ ਲੁਹਾਣ ਅਤੇ ਫੱਟੜ ਕਰਕੇ ਵੀ ਸਬਰ ਨਹੀ ਆਇਆ 21 ਫਰਵਰੀ ਨੂੰ ਖਨੌਰੀ ਬਾਰਡਰ ਤੇ ਖੜ੍ਹੇ ਟਰੈਕਟਰਾਂ ਟਰਾਲੀਆਂ ਦੀ ਵੱਡੀ ਪੱਧਰ ਤੇ ਭੰਨ ਤੋੜ ਅਤੇ ਨਿਹੱਥੇ ਕਿਸਾਨਾਂ ਤੇ ਅੱਥਰੂ ਗੈਸ ਅਤੇ ਅੰਧਾ ਧੁੰਦ ਗੋਲੀਬਾਰੀ ਚਲਾ ਕੇ ਇੱਕ ਨੌਜਵਾਨ ਸੁਭਕਰਨ ਨੂੰ ਸ਼ਹੀਦ ਕਰ ਦਿੱਤਾ ਅਤੇ ਬਹੁਤ ਸਾਰੇ ਕਿਸਾਨ ਫੱਟੜ ਕਰ ਮਾਰੇ ।ਸ੍ਰ ਬਹਿਰੂ ਨੇ ਭਾਰਤੀ ਜਨਤਾ ਪਾਰਟੀ ਨੂੰ ਸਵਾਲ ਕੀਤਾ ਕਿ ਜੇਕਰ ਕਿਸਾਨ ਆਪਣੀ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਨਹੀਂ ਜਾ ਸਕਦੇ ਤਾਂ ਹੁਣ ਬੀਜੇਪੀ ਵਲੋਂ ਖੜ੍ਹੇ ਕੀਤੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਕਿਸਾਨਾਂ ਮਜਦੂਰਾਂ ਛੋਟੇ ਕਾਰੋਬਾਰੀਆਂ ਦੀਆਂ ਵੋਟਾਂ ਮੰਗਣ ਦਾ ਕੋਈ ਅਧਿਕਾਰ ਨਹੀਂ ਉਹਨਾਂ ਇਹ ਸਪੱਸ਼ਟ ਕੀਤਾ ਕਿ ਕੰਨਿਆਕੁਮਾਰੀ ਤੋਂ ਲੈਕੇ ਜੰਮੂ ਕਸ਼ਮੀਰ ਤੱਕ ਬੀਜੇਪੀ ਵਲੋਂ ਵੱਖ ਵੱਖ ਸੂਬਿਆਂ ਵਿਚ ਖੜ੍ਹੇ ਕੀਤੇ ਉਮੀਦਵਾਰਾਂ ਨੂੰ ਵੋਟਰਾਂ ਵੱਲੋਂ ਸਵਾਲ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਇਨ੍ਹਾਂ ਭੱਦਰ ਪੁਰਸ਼ਾਂ ਕੋਲ ਕੋਈ ਜਵਾਬ ਨਹੀਂ।।ਇਸ ਸਮੇਂ ਹਰਦੇਵ ਸਿੰਘ ਦਰੋਗੇਵਾਲ, ਬਲਵਿੰਦਰ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਮਾਲੇਰਕੋਟਲਾ,ਜਸਪ੍ਰੀਤ ਸਿੰਘ ਜਵੰਧਾ ਮੀਤ ਪ੍ਰਧਾਨ,ਗੁਰਦੇਵ ਸਿੰਘ ਸੰਗਾਲਾ, ਚਮਕੌਰ ਸਿੰਘ ਬੂਲਾਪੁਰ,ਪ੍ਰਗਟ ਸਿੰਘ ਸਰੌਂਦ, ਸੰਦੀਪ ਸਿੰਘ ਸਰੌਂਦ,ਪ੍ਰਮਜੀਤ ਸਿੰਘ ਭੁੱਲਰਾਂ,ਮੇਹਰ ਸਿੰਘ ਭੁੱਲਰਾਂ ਆਦਿ ਮੌਜੂਦ ਸਨ।

## ਕਰਤਾਰਪੁਰ ਅਤੇ ਵਾਹਘਾ ਬਾਰਡਰ ਰਸਤੇ ਵਪਾਰ ਖੋਲਣ ਅਤੇ ਬੰਦੀ ਸਿੰਘਾ ਦੀ ਰਿਹਾਈ ਲਈ ਸੰਘਰਸ਼ ਕਰਾਂਗੇ : ਜਥੇਦਾਰ ਗੁਰਿੰਦਰ ਸਿੰਘ ਬਾਜਵਾ



ਬਟਾਲਾ 07 ਮਈ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) ਬੇਗਮਪੁਰਾ ਖਾਲਸਾ ਰਾਜ ਪਾਰਟੀ ਅਤੇ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਲੋਕ ਸਭਾ ਹਲਕਾ ਗੁਰਦਾਸਪੁਰ ਤੋ ਸਾਂਝੇ ਉਮੀਦਵਾਰ ਜਥੇਦਾਰ ਗੁਰਿੰਦਰ ਸਿੰਘ ਬਾਜਵਾ ਨੇ ਨੌਸਿਹਰਾ ਮੱਝਾ ਸਿੰਘ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆ ਆਖਿਆ ਕਿ ਲੋਕ ਸਭਾ ਦੀਆ ਚੋਣਾ ਵਿਚ ਮੇਰਾ ਮੁੱਖ ਏਜੰਡ ਕਰਤਾਰਪੁਰ ਸਾਹਿਬ ਅਤੇ ਵਾਹਘਾ ਬਾਰਡਰ ਰਸਤੇ ਵਪਾਰ ਨੂੰ ਖੁੱਲਵਾਉਣਾ ਅਤੇ 3234 ਸਾਲਾ ਤੋ ਜੇਲ੍ਹਾ ਚ ਬੰਦ ਬੰਦੀ ਸਿੰਘਾ ਨੂੰ ਰਿਹਾਅ ਕਰਵਾਉਣ ਲਈ ਕੇਦਰ ਸਰਕਾਰ ਖਿਲਾਫ ਸੰਘਰਸ ਕਰਨਾ ਹੋਵੇਗਾ ।ਜਥੇਦਾਰ ਬਾਜਵਾ ਨੇ ਅੱਗੇ ਆਖਿਆ ਕਿ ਜਿਸ ਤਰ੍ਹਾ ਅਸੀ 14 ਅਪਰੈਲ 2001 ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲੇ ਲਾਂਘੇ ਲਈ ਧੁੱਸੀ ਬੰਨ ਡੇਰਾ ਬਾਬਾ ਨਾਨਕ ਵਿਖੇ ਅਰਦਾਸ ਕਰਨੀ ਸੁਰੂ ਕੀਤੀ ਸੀ ਤਾਂ ਜੋ ਲਾਂਘਾ ਖੁੱਲ ਜਾਵੇ ਅਤੇ ਤਕਰੀਬਨ 19 ਸਾਲ ਸਾਡੀ ਸੰਸਥਾ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸੀ ਸੰਸਥਾ ਵਲੋ ਸੰਗਤੀ ਰੂਪ ਵਿੱਚ ਇਹਨਾਂ ਲੰਬਾ ਸਮਾ ਅਰਦਾਸ ਕਰਕੇ ਇਹ ਰਸਤਾ ਸਚਾਈ ਬਣਿਆ ਅਤੇ ਨਵੰਬਰ 2019 ਵਿੱਚ ਦੋਨਾ ਦੇਸ਼ਾ ਦੀਆ ਸਰਕਾਰਾ ਨੇ ਸਹਿਮਤੀ ਪ੍ਰਗਟ ਕਰਦਿਆ ਰਸਤਾ ਖੋਲ ਦਿੱਤਾ । ਜਥੇਦਾਰ ਬਾਜਵਾ ਨੇ ਅੱਗੇ ਦੱਸਿਆ ਕਿ ਉਸੇ ਤਰ੍ਹਾ ਹੁਣ ਇਹ ਰਸਤੇ ਰਾਹੀ ਵਪਾਰ ਸੁਰੂ ਕਰਵਾਉਣ ਲਈ ਸੰਘਰਸ ਆਰੰਭ ਕੀਤਾ ਜਾਵੇਗਾ ਤਾਂ ਜੋ ਸਮੁੱਚੇ ਪੰਜਾਬ ਅਤੇ ਖਾਸ ਕਰਕੇ ਜਿਲ੍ਹਾ ਗੁਰਦਾਸਪੁਰ ਦੇ ਕਿਸਾਨ ,ਮਜਦੂਰ ਅਤੇ ਵਪਾਰੀ ਖੁਸਹਾਲ ਹੋਣਗੇ ਅਤੇ ਬੇਰੁਜਗਾਰ ਨੋਜਵਾਨਾ ਨੂੰ ਰੁਜਗਾਰ ਮਿਲੇਗਾ । ਇਸੇ ਤਰ੍ਹਾ ਜੇਲ੍ਹਾ ਵਿੱਚ ਬੰਦ ਬੰਦੀ ਸਿੰਘ ਜਿਹਨਾਂ ਨੇ ਆਪਣੀਆ ਸਜਾਵਾ ਤੋ ਤਿੰਨ ਤਿੰਨ ਗੁਣਾ ਤੋ ਵੀ ਵੱਧ ਸਜ਼ਾਵਾ ਕੱਟ ਲਈਆ ਹਨ , ਉਹਨਾਂ ਲਈ ਅਸੀ 7 ਜਨਵਰੀ 2023 ਨੂੰ ਚੰਡੀਗੜ੍ਹ ਅਤੇ ਮੋਹਾਲੀ ਦੀਆ ਬਰੂਹਾ ਤੇ ਮੋਰਚਾ ਲਾਇਆ ਹੋਇਆ ਹੈ ਪਰ ਸਵਾ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਤੇ ਕੋਈ ਅਸਰ ਨਹੀ ਹੋਇਆ ਹੈ ਅਤੇ ਅਸੀ ਸਮਝਦੇ ਸੀ ਕਿ 2024 ਦੀਆ ਲੋਕਾ ਸਭਾ ਚੋਣਾ ਤੋ ਪਹਿਲਾ ਸਰਕਾਰ ਬੰਦੀ ਸਿੰਘਾ ਨੂੰ ਰਿਹਾਅ ਕਰ ਦੇਵੇਗੀ ।ਪਰ ਬੰਦੀ ਸਿੰਘਾ ਨੂੰ ਰਿਹਾਅ ਨਹੀ ਕੀਤਾ ਗਿਆ ।ਲੋਕ ਸਭਾ ਦੀਆ ਚੋਣਾ ਤੋ ਬਾਅਦ ਅਸੀ ਬੰਦੀ ਸਿੰਘਾ ਨੂੰ ਰਿਹਾਅ ਕਰਵਾਉਣ ਲਈ ਕੇਦਰ ਸਰਕਾਰ ਖਿਲਾਫ ਵੱਡਾ ਸੰਘਰਸ ਸੁਰੂ ਕਰਾਂਗੇ ।ਇਸ ਮੋਕੇ ਜਥੇਦਾਰ ਗੁਰਬਚਨ ਸਿੰਘ ਪਵਾਰ ਜਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਾਬਾ ਗੁਰਮੇਜ਼ ਸਿੰਘ ਦਾਬਾਵਾਲ , ਗਿਆਨੀ ਦਵਿੰਦਰ ਸਿੰਘ , ਜਰਨੈਲ ਸਿੰਘ, ਇੰਸਪੈਕਟਰ ਨਿਰਮਲ ਸਿੰਘ , ਜਸਪਾਲ ਸਿੰਘ ਭੱਠੇਵਾਲੇ ,ਨਿਰਮਲ ਸਿੰਘ ਸਾਗਰਪੁਰ , ਜਤਿੰਦਰ ਸਿੰਘ ਅਵਤਾਰ ਸਿੰਘ , ਰੋਹਿਤ , ਬੰਟੀ ਸਿੰਘ , ਅਜੀਤ ਸਿੰਘ , ਗੁਰਦੀਪ ਸਿੰਘ ਕੁਲਬੀਰ ਸਿੰਘ ਜਗਤਾਰ ਸਿੰਘ ,ਅਮਨਦੀਪ ਸਿੰਘ ,ਜਸਵੰਤ ਸਿੰਘ , ਤਰਲੋਕ ਸਿੰਘ ,ਸੁਖਬੀਰ ਸਿੰਘ ਆਦਿ ਹਾਜ਼ਰ ਸਨ

# ਮਾਲੇਰਕੋਟਲਾ ਪੁਲਿਸ ਦੀ ਵੱਡੀ ਸਫਲਤਾ
# 84, 20,000/-ਰੁਪਏ ਦੀ ਜਾਅਲੀ ਕਰੰਸੀ ਸਮੇਤ ਤਿੰਨ ਕਾਬੂ




ਗੁਰਤੇਜ -ਮਾਲੇਰਕੋਟਲਾ, 07 ਮਈ- ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲਾ ਮਾਲੇਰਕੋਟਲਾ ਪੁਲਸ ਨੇ ਵੱਡੀ ਕਾਮਯਾਬੀ ਹਾਸਲ ਕਰਦਿਆਂ ਤਿੰਨ ਵਿਅਕਤੀਆਂ ਨੂੰ 84, 20,000/- ਰੁਪਏ ਦੀ ਜਾਅਲੀ ਕਰੰਸੀ ਸਮੇਤ ਕਾਬੂ ਕੀਤਾ ਹੈ। ਇਸ ਜਿਲਾ ਪੁਲਿਸ ਮੁਖੀ . ਡਾ. ਸਿਮਰਤ ਕੌਰ ਆਈ.ਪੀ.ਐੱਸ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲੇਰਕੋਟਲਾ ਪੁਲਿਸ ਨੇ ਲੋਕ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਮਾੜੇ ਅਨਸਰਾਂ ਅਤੇ ਨਸ਼ਾ ਸਮੱਗਲਰਾਂ ਖਿਲਾਫ ਸਖਤੀ ਨਾਲ ਆਰੰਭੀ ਗਈ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ ਇਲਾਕੇ 'ਚ ਵਧਾਈ ਗਈ ਚੌਕਸੀ ਤਹਿਤ ਜਦੋਂ ਮੁਖਬਰ ਖਾਸ ਦੀ ਇਤਲਾਹ 'ਤੇ ਇੰਸਪੈਕਟਰ ਹਰਜਿੰਦਰ ਸਿੰਘ, ਇੰਚਾਰਜ, ਸੀ.ਆਈ.ਏ. ਸਟਾਫ,ਮਾਹੋਰਾਣਾ ਦੀ ਟੀਮ ਅਤੇ ਕਾਊਂਟਰ ਇੰਟੈਲੀਜੈਂਸ, ਮਾਲੇਰਕੋਟਲਾ ਦੀ ਟੀਮ ਵੱਲੋਂ ਸਾਂਝੇ ਆਪ੍ਰੇਸ਼ਨ ਦੌਰਾਨ ਤਿੰਨ ਵਿਅਕਤੀਆਂ ਨੂੰ ਜਾਅਲੀ ਕਰੰਸੀ 2,85,000/-ਰੁਪਏ ਸਮੇਤ ਕਾਬੂ ਕੀਤਾ।ਜਿੰਨਾ ਦੀ ਪਛਾਣ ਰਿਸ਼ੂ ਕੁਮਾਰ ਪੁੱਤਰ ਨਰੇਸ਼ ਕੁਮਾਰ ਵਾਸੀ ਨੇੜੇ ਵਿਸ਼ਕਰਮਾ ਮੰਦਰ ,786 ਚੌਕ ਮਾਲੇਰਕੋਟਲਾ ਅਤੇ ਲਖਵਿੰਦਰ ਕੁਮਾਰ ਉਰਫ ਲੱਕੀ ਪੁੱਤਰ ਫਕੀਰ ਚੰਦ ਵਾਸੀ ਮੁਹੱਲਾ ਤਜੱਫਲਪੁਰਾ ਪਟਿਆਲਾ ਵਜੋਂ ਹੋਈ ਹੈ। ਮੁਲਜ਼ਮਾਂ ਖਿਲਾਫ ਥਾਣਾ ਸਿਟੀ-1 ਮਾਲੇਰਕੋਟਲਾ 'ਚ ਮਾਮਲਾ ਦਰਜ ਕੀਤਾ ਗਿਆ ਹੈ।

ਜਿਲਾ ਪੁਲਿਸ ਮੁਖੀ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਫਤੀਸ਼ ਦੌਰਾਨ ਮੁਲਜ਼ਮ ਰਿਸ਼ੂ ਕੁਮਾਰ ਅਤੇ ਲਖਵਿੰਦਰ ਕੁਮਾਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਇਹ ਜਾਅਲੀ ਕਰੰਸੀ ਅਮਿਤ ਗਿੱਲ ਪੁੱਤਰ ਬਲਦੇਵ ਰਾਜ ਵਾਸੀ ਮੋਨਵਾਨ ਮਨਸੂਰਵਾਲ ਦੋਨਾ, ਜ਼ਿਲਾ ਕਪੂਰਥਲਾ ਹਾਲ ਅਬਾਦ ਕਿਰਾਏਦਾਰ ਰਾਕੇਸ਼ ਕੁਮਾਰ ਐੱਸ.ਬੀ.ਆਈ. ਕਾਲੋਨੀ ਨੇੜੇ ਬੁਆਏ ਹੋਸਟਲ ਸਹਾਰਨਪੁਰ, ਯੂ.ਪੀ. ਪਾਸੋਂ ਲੈ ਕੇ ਆਏ ਸੀ ।ਜਿਸ ਆਧਾਰ 'ਤੇ ਮੁਲਜ਼ਮ ਅਮਿਤ ਗਿੱਲ ਨੂੰ ਨਾਮਜ਼ਦ ਕਰ ਕੇ ਸੀ.ਆਈ.ਏ. ਸਟਾਫ ਮਾਹੋਰਾਣਾ ਦੀ ਟੀਮ ਵੱਲੋਂ ਉਸਦੇ ਪਤੇ ਤੇ ਰੇਡ ਕਰ ਕੇ ਮੁਲਜ਼ਮ ਅਮਿਤ ਗਿੱਲ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਕਬਜ਼ੇ 'ਚੋਂ ਜਾਅਲੀ ਕਰੰਸੀ 81,35,000/- ਰੁਪਏ ਸਮੇਤ ਇਕ ਕਲਰ ਪਿੰਟਰ, ਇਕ ਮੋਨੀਟਰ, ਇਕ ਕੀ ਬੋਰਡ, ਇਕ ਮਾਊਸ, ਛੋਟਾ ਸੀ.ਪੀ.ਯੂ., ਸਮਾਰਟ ਸਕੈਨਰ ਕਲਰ ਪ੍ਰਿੰਟਰ, ਇਕ ਲੈਮੀਨੇਸ਼ਨ ਮਸ਼ੀਨ, ਇਕ ਪੇਪਰ ਕਟਰ, ਇਕ ਸਕਰੀਨ ਬੋਰਡ ਜੋ ਲੱਕੜ ਦੀ ਫਰੇਮ 'ਚ ਲੱਗਾ ਹੋਇਆ ਹੈ ਬਰਾਮਦ ਕਰਵਾ ਕੇ ਪੁਲਸ ਵੱਲੋਂ ਆਪਣੇ ਕਬਜ਼ੇ 'ਚ ਲਿਆ ਗਿਆ ਹੈ। ਮੁਲਜ਼ਮਾਨ ਪਾਸੋਂ ਹੁਣ ਤੱਕ ਕੁੱਲ 84,20,000/-ਰੁਪਏ ਜਾਅਲੀ ਕਰੰਸੀ ਬਰਾਮਦ ਕਰਵਾਈ ਜਾ ਚੁੱਕੀ ਹੈ।

ਐੱਸ.ਐੱਸ.ਪੀ. ਡਾ. ਸਿਮਰਤ ਕੌਰ ਨੇ ਦੱਸਿਆ ਕਿ ਦੋਸ਼ੀਆਂ ਨੂੰ ਸਥਾਨਕ ਅਦਾਲਤ 'ਚ ਪੇਸ਼ ਕਰ ਕੇ ਉਨ੍ਹਾਂ ਦਾ ਰਿਮਾਂਡ ਲਿਆ ਜਾਵੇਗਾ ਤਾਂ ਕਿ ਪੁੱਛਗਿੱਛ ਦੌਰਾਨ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪੰਜਾਬ ਯੂਥ ਕਾਂਗਰਸ ਦੇ ਥੰਮ ਜਨਰਲ ਸਕੱਤਰ, ਜ਼ਿਲ੍ਹਾ ਕਾਂਗਰਸ ਯੂਥ ਵਿੰਗ ਦੇ ਸਾਬਕਾ ਪ੍ਰਧਾਨ ਚੁਸਪਿੰਦਰਵੀਰ ਸਿੰਘ ਚਹਿਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਮਾਨਸਾ, 07 ਮਈ:- (ਗੁਰਪ੍ਰੀਤ ਧਾਲੀਵਾਲ) ਪੰਜਾਬ ਯੂਥ ਕਾਂਗਰਸ ਦੇ ਥੰਮ ਜਨਰਲ ਸਕੱਤਰ, ਜ਼ਿਲਾ ਕਾਂਗਰਸ ਯੂਥ ਵਿੰਗ ਦੇ ਸਾਬਕਾ ਪ੍ਰਧਾਨ ਚੁਸਪਿੰਦਰਵੀਰ ਸਿੰਘ ਚਹਿਲ ਆਪਣੇ ਸੈਂਕੜੇ ਸਾਥੀਆਂ ਸਮੇਤ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਗਏ ਹਨ। ਉਨ੍ਹਾਂ ਦੀ ਇਹ ਸ਼ਮੂਲੀਅਤ ਮੁੱਖ ਮੰਤਰੀ ਭਗਵੰਤ ਮਾਨ ਨੇ ਕਰਵਾਈ। ਕਾਂਗਰਸ ਪਾਰਟੀ ਛੱਡ ਕੇ ਆਉਣ ਵਾਲੇ ਚੁਸਪਿੰਦਰਵੀਰ ਚਹਿਲ ਸਮੇਤ ਉਨ੍ਹਾਂ ਦੇ ਸਾਥੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ। ਜ਼ਿਲ੍ਹਾ ਮਾਨਸਾ ਦੇ ਪਿੰਡ ਭੁਪਾਲ ਕਲਾਂ ਨਾਲ ਸਬੰਧਤ ਯੂਥ ਕਾਂਗਰਸ ਨੇਤਾ ਚੁਸਪਿੰਦਰਵੀਰ ਚਹਿਲ ਨੇ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਤੋਂ ਇਲਾਵਾ ਕਰੋਨਾ ਮਹਾਂਮਾਰੀ ਦੌਰਾਨ ਲੋਕਾਂ ਦੀ ਦਵਾਈ ਬੂਟੀ, ਰਾਸ਼ਨ ਅਤੇ ਗਰੀਬ ਕੁੜੀਆਂ ਦੀ ਪੜ੍ਹਾਈ ਲਈ ਉਨ੍ਹਾਂ ਦੀ ਆਰਥਿਕ ਮੱਦਦ ਕਰਕੇ ਸਹਾਇਤਾ ਕੀਤੀ। ਉਨ੍ਹਾਂ ਨੇ ਕਿਸਾਨੀ ਅੰਦੋਲਨ ਦੌਰਾਨ ਵੀ ਯੂਥ ਵਿੰਗ ਵੱਲੋਂ ਦਿੱਲੀ ਜਾ ਕੇ ਕੇਂਦਰ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਕੇ ਗ੍ਰਿਫਤਾਰੀਆਂ ਵੀ ਦਿੱਤੀਆਂ ਅਤੇ ਮਹਿੰਗਾਈ ਅਤੇ ਹੋਰ ਸਮਾਜਿਕ ਮੁੱਦਿਆਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦਿਹਾੜਾ ਮਨਾਉਣ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਵੱਲੋਂ ਪਾਰਟੀ ਦੇ ਯੂਥ ਵਿੰਗ ਕੋਟੇ ਵਿੱਚੋਂ ਵਿਧਾਨ ਸਭਾ ਲਈ ਪਾਰਟੀ ਪਾਸੋਂ ਟਿਕਟ ਦੀ ਵੀ ਮੰਗ ਕੀਤੀ ਗਈ ਸੀ। ਅੱਜ ਕੱਲ ਉਹ ਸਰਗਰਮ ਰਾਜਨੀਤੀ ਤੋਂ ਹਟ ਕੇ ਚੱਲ ਰਹੇ ਸਨ ਅਤੇ ਸੋਮਵਾਰ ਨੂੰ ਉਨ੍ਹਾਂ ਨੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਹੁਦੇ ਤੋਂ ਅਸਤੀਫਾ ਦੇ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਕਾਂਗਰਸ ਪਾਰਟੀ ਦੇ ਯੂਥ ਵਿੰਗ ਅੰਦਰ ਆਪਣਾ ਜਨ ਅਧਾਰ ਰੱਖਣ ਵਾਲੇ ਚੁਸਪਿੰਦਰਵੀਰ ਸਿੰਘ ਦੇ ਆਪ 'ਚ ਜਾਣ ਨੂੰ ਲੈ ਕੇ ਪਾਰਟੀ ਲਈ ਇਹ ਇਕ ਬਹੁਤ ਵੱਡਾ ਝਟਕਾ ਵੀ ਮੰਨਿਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਹੋ ਜਿਹੇ ਉਦਮੀ ਅਤੇ ਮਿਹਨਤੀ ਨੌਜਵਾਨਾਂ ਸਦਕਾ ਆਮ ਆਦਮੀ ਪਾਰਟੀ ਦਾ ਜਨ ਅਧਾਰ ਮਜਬੂਤ ਹੋਇਆ ਹੈ ਅਤੇ ਇਹਨਾਂ ਨੌਜਵਾਨਾਂ ਨੇ ਹੀ ਦੇਸ਼ ਅਤੇ ਸੂਬੇ ਨੂੰ ਅੱਗੇ ਲੈ ਕੇ ਜਾਣਾ ਹੈ। ਚੁਸਪਿੰਦਰਵੀਰ ਸਿੰਘ ਚਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ, 2 ਸਾਲਾਂ ਦੀ ਸਰਕਾਰ ਦੀ ਧੜੱਲੇਦਾਰ ਅਤੇ ਨਿਵੇਕਲੀ ਕਾਰਗੁਜਾਰੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਆਪ ਦਾ ਪੱਲਾ ਫੜਿਆ ਹੈ। ਜਿਸ ਨੇ ਸੂਬੇ ਪੰਜਾਬ ਲਈ ਤਰੱਕੀ ਦਾ ਮੁੱਢ ਬੰਨਿਆ ਹੈ। ਇਸ ਸਰਕਾਰ ਨਾਲ ਪੰਜਾਬ ਤਰੱਕੀ ਦੀਆਂ ਮੰਜਿਲਾਂ ਤੇ ਪਹੁੰਚੇਗਾ। ਅੱਜ ਦੇ ਗੰਧਲੇ ਹੋ ਰਹੇ ਰਾਜਨੀਤਿਕ ਮਾਹੌਲ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪਾਰਦਰਸ਼ਤਾ ਨਾਲ ਨਿਵੇਕਲੇ, ਢੰਗ ਈਮਾਨਦਾਰੀ ਵਾਲੇ ਅਤੇ ਸੂਬੇ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਨੌਜਵਾਨਾਂ ਨੂੰ ਵੱਡੀ ਗਿਣਤੀ ਵਿਚ ਪਾਰਟੀ ਨਾਲ ਜੋੜ ਕੇ ਕੰਮ ਕਰਨਗੇ। ਇਸ ਮੌਕੇ ਚੁਸਪਿੰਦਰਬੀਰ ਸਿੰਘ ਚਹਿਲ ਨਾਲ ਵੱਡੀ ਵੱਡੀ ਗਿਣਤੀ ਸਰਪੰਚ, ਪੰਚ, ਬਲਾਕ ਸੰਮਤੀ ਚੇਅਰਮੈਨ, ਤੇ ਯੂਥ ਕਾਂਗਰਸ ਦੇ ਸਾਥੀ ਹਾਜ਼ਰ ਸਨ।

# ਥਾਣਾ ਸੁਲਤਾਨਵਿੰਡ ਵੱਲੋਂ ਰਾਤ ਸਮੇਂ ਚੌਰੀਆਂ ਕਰਨ ਵਾਲੇ ਸਰਗਰਮ ਗਿਰੋਹ ਦਾ ਕੀਤਾ ਪਰਦਾਫਾਸ਼
# ਤਿੰਨ ਗ੍ਰਿਫ਼ਤਾਰ ਦੋਸ਼ੀਆਂ ਕੋਲੋਂ 40 ਮੋਬਾਇਲ ਫ਼ੋਨ ਅਤੇ ਸੋਨੇ ਦੇ ਗਹਿਣੇ ਬ੍ਰਾਮਦ



ਅੰਮ੍ਰਿਤਸਰ (ਰਣਜੀਤ ਸਿੰਘ ਮਸੌਣ/ ਰਾਘਵ ਅਰੋੜਾ) ਡਾ. ਦਰਪਣ ਆਹਲੂਵਾਲੀਆਂ ਏ.ਡੀ.ਸੀ.ਪੀ ਸਿਟੀ-1,ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਗੁਰਪ੍ਰੀਤ ਸਿੰਘ ਭੁੱਲਰ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਦੀਆਂ ਹਦਾਇਤਾਂ ਤੇ ਹਰਪ੍ਰੀਤ ਸਿੰਘ ਮੰਡੇਰ ਡੀ.ਸੀ.ਪੀ ਇੰਨਵੈਸਟੀਗੇਸ਼ਨ ਅੰਮ੍ਰਿਤਸਰ ਅਤੇ ਮਨਿੰਦਰਪਾਲ ਸਿੰਘ ਏ.ਸੀ.ਪੀ ਦੱਖਣੀ ਅੰਮ੍ਰਿਤਸਰ ਦੀ ਨਿਗਰਾਨੀ ਹੇਠ ਸਬ-ਇੰਸਪੈਕਟਰ ਜਸਬੀਰ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਵਿੰਡ ਅੰਮ੍ਰਿਤਸਰ ਦੀ ਪੁਲਿਸ ਪਾਰਟੀ ਏ.ਐਸ.ਆਈ ਅਸ਼ਵਨੀ ਕੁਮਾਰ ਸਮੇਤ ਸਾਥੀ ਕਮਚਾਰੀਆਂ ਵੱਲੋਂ ਸ਼ਹਿਰ ਵਿੱਚ ਰਾਤ ਸਮੇਂ ਘਰਾਂ ਵਿੱਚ ਦਾਖਲ ਹੋ ਕੇ ਚੌਰੀਆਂ ਕਰਨ ਵਾਲੇ ਸਰਗਰਮ ਗਿਰੋਹ ਨੂੰ ਬੇਨਕਾਬ ਕਰਦੇ ਹੋਏ 40 ਮੋਬਾਇਲ ਫ਼ੋਨ ਅਤੇ 7 ਗ੍ਰਾਮ ਸੋਨਾ ਬ੍ਰਾਮਦ ਕਰਨ ਵਿੱਚ ਵੱਡੀ ਕਾਮਯਾਬੀ ਹਾਸ਼ਲ ਕੀਤੀ ਹੈ।

ਉਹਨਾਂ ਦੱਸਿਆ ਕਿ ਇਹ ਮੁਕੱਦਮਾਂ ਮੁਦੱਈ ਲਖਵਿੰਦਰ ਸਿੰਘ ਵਾਸੀ ਭਾਈ ਮੰਝ ਸਿੰਘ ਤਰਨ ਤਾਰਨ ਰੋਡ ਅੰਮ੍ਰਿਤਸਰ ਵੱਲੋਂ ਦਰਜ ਕਰਵਾਇਆ ਗਿਆ ਕਿ ਮਿਤੀ 17/18.3.2024 ਦੀ ਦਰਮਿਆਨੀ ਰਾਤ ਨੂੰ ਕੋਈ ਨਾ ਮਾਲੂਮ ਵਿਅਕਤੀ ਉਸਦੇ ਘਰ ਅੰਦਰੋਂ ਮੋਬਾਇਲ ਫ਼ੋਨ ਚੋਰੀਂ ਕਰਕੇ ਲੈ ਗਏ ਹਨ। ਜਿਸਤੇ ਥਾਣਾ ਸੁਲਤਾਨਵਿੰਡ ਵਿੱਖੇ ਮੁਕੱਦਮਾਂ ਨੰਬਰ 32 ਮਿਤੀ 19.3.2024 ਜੁਰਮ 457, 380 ਭ:ਦ ਦਰਜ ਕੀਤਾ ਗਿਆ।

ਪੁਲਿਸ ਪਾਰਟੀ ਵੱਲੋਂ ਮੁਕੱਦਮੇਂ ਦੀ ਜਾਂਚ ਹਰ ਪਹਿਲੂ ਤੋਂ ਕਰਨ ਤੇ ਮੁਕੱਦਮੇਂ ਵਿੱਚ ਲੋੜੀਂਦੇ ਦੋਸ਼ੀ ਕੁਲਦੀਪ ਸਿੰਘ ਉਰਫ਼ ਦੀਪੂ ਵਾਸੀ ਪਿੰਡ ਪੰਡੋਰੀ ਅੰਮ੍ਰਿਤਸਰ ਦਿਹਾਤੀ ਨੂੰ ਮਿਤੀ 28-4-2024 ਨੂੰ ਗ੍ਰਿਫ਼ਤਾਰ ਕਰਕੇ ਇਸ ਪਾਸੋਂ ਚੋਰੀਂ ਦੇ 14 ਮੋਬਾਇਲ ਫ਼ੋਨ ਬ੍ਰਾਮਦ ਕੀਤੇ ਗਏ।

ਅਕਾਸ਼ਦੀਪ ਸਿੰਘ ਉਰਫ਼ ਕਾਸ਼ੀ ਵਾਸੀ ਸੁੰਦਰ ਨਗਰ ਕਪੂਰਥਲਾ ਹਾਲ ਵਾਸੀ ਪਿੰਡ ਵਰਪਾਲ ਅੰਮ੍ਰਿਤਸਰ ਦਿਹਾਤੀ ਨੂੰ ਮਿਤੀ 3-5-2024 ਨੂੰ ਕਾਬੂ ਕਰਕੇ ਇਸ ਪਾਸੋਂ 22 ਮੋਬਾਇਲ ਫ਼ੋਨ ਬ੍ਰਾਮਦ ਕੀਤੇ ਗਏ।

ਸਿਮਰਨ ਸਿੰਘ ਉਰਫ਼ ਸਿੰਮੂ ਵਾਸੀ ਪਿੰਡ ਸੁਲਤਾਨਵਿੰਡ, ਅੰਮ੍ਰਿਤਸਰ ਨੂੰ 5-5-2024 ਨੂੰ ਕਾਬੂ ਕਰਕੇ ਇਸ ਪਾਸੋਂ 4 ਮੋਬਾਇਲ ਫ਼ੋਨ ਬ੍ਰਾਮਦ ਕੀਤੇ ਗਏ।

ਹੁਣ ਤੱਕ ਇਹਨਾਂ ਦੋਸ਼ੀਆ ਪਾਸੋਂ 40 ਮੋਬਾਇਲ ਫ਼ੋਨ ਅਤੇ ਸੋਨੇ ਦੀਆਂ 2 ਮੁੰਦਰੀਆਂ, ਇੱਕ ਵਾਲੀਆ ਦਾ ਜੋੜਾ ਅਤੇ ਇੱਕ ਟੋਪਸਾ ਦਾ ਜੋੜਾ, ਜਿੰਨਾਂ ਦਾ ਕੁੱਲ ਵਜ਼ਨ 7 ਗ੍ਰਾਮ ਬ੍ਰਾਮਦ ਕੀਤਾ ਗਿਆ ਹੈ।

ਦੌਰਾਨੇ ਤਫਤੀਸ਼ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਕੁਲਦੀਪ ਸਿੰਘ ਉਰਫ਼ ਦੀਪੂ, ਸਿਮਰਨ ਸਿੰਘ ਉਰਫ਼ ਸਿੰਮੂ, ਅਕਾਸ਼ਦੀਪ ਸਿੰਘ ਉਰਫ਼ ਕਾਸ਼ੀ ਤੇ ਇਸਦੀ ਦੀ ਮੰਗੇਤਰ ਜੱਸੀ ਅਤੇ ਇਹਨਾਂ ਦੇ ਇੱਕ ਹੋਰ ਸਾਥੀ ਗੋਪੀ ਮਿਲ ਕੇ ਚੋਰੀਆਂ ਕਰਦੇ ਸਨ।

ਚੌਰੀ ਕਰਨ ਦਾ ਤਰੀਕਾ:- ਇਹ ਸਾਰੇ ਮਿੱਲ ਕੇ ਕਾਲ਼ਾ ਕੱਛਾਂ ਗਰੋਹ ਦੀ ਤਰਾਂ, ਰਾਤ 2:30 ਤੋਂ 3 ਵਜ਼ੇ ਦੇ ਕਰੀਬ, ਜਦੋਂ ਲੋਕ ਆਪਣੇ ਘਰਾਂ ਵਿੱਚ ਗੂੜੀ ਨੀਂਦ ਸੁੱਤੇ ਹੁੰਦੇ ਹਨ, ਇਹ ਛੱਤ ਰਾਂਹੀ ਘਰਾ ਵਿੱਚ ਦਾਖਲ ਹੋ ਕੇ ਚੋਰੀਂ ਦੀ ਵਾਰਦਾਤ ਨੂੰ ਅੰਜ਼ਾਮ ਦੇਂਦੇ ਸਨ। ਜੋ ਦੋਸ਼ੀ ਅਕਾਸ਼ਦੀਪ ਸਿੰਘ ਉਰਫ਼ ਕਾਸ਼ੀ,ਆਪਣੇ ਸਾਥੀਆਂ ਨੂੰ ਘਰ ਦੇ ਆਲੇ-ਦੁਆਲੇ ਖੜਾ ਕਰਕੇ ਆਪ ਖੁਦ ਅਸਾਨੀ ਨਾਲ ਲੋਕਾਂ ਦੇ ਘਰਾਂ ਵਿੱਚ ਵੜ ਕੇ ਚੋਰੀਂ ਨੂੰ ਅੰਜ਼ਾਮ ਦਿੰਦਾ ਸੀ ਅਤੇ ਇਸਦੀ ਮੰਗੇਤਰ ਜਿਸ ਦਾ ਨਾਮ ਜੱਸੀ ਹੈ, ਉਹ ਵੀ ਰਾਤ ਸਮੇਂ ਚੋਰੀ ਕਰਨ ਵਿੱਚ ਇਹਨਾਂ ਦਾ ਸਾਥ ਦਿੰਦੀ ਸੀ।

ਦੌਰਾਨੇ ਪੁੱਛਗਿੱਛ ਇਹਨਾਂ ਦੱਸਿਆ ਹੈ ਕਿ ਇਹ ਪਿਛਲੇ ਕਰੀਬ 2 ਸਾਲ ਤੋਂ ਚੌਰੀਆਂ ਕਰ ਰਹੇ ਹਨ, ਤੇ ਪਿੱਛਲੇ ਕੁੱਝ ਦਿਨਾਂ ਵਿੱਚ ਇਹਨਾਂ ਨੇ 700 ਦੇ ਕਰੀਬ ਮੋਬਾਇਲ ਫ਼ੋਨ ਅਤੇ ਇਸਤੋਂ ਇਲਾਵਾ ਕੈਸ਼ ਤੇ ਜਵੈਲਰੀ ਦੀ ਚੋਰੀਂ ਕੀਤੀ ਹੈ।

# ਝੋਨੇ ਦੀ ਵੱਧ ਝਾੜ ਦੇਣ ਵਾਲੀ ਪੀ ਆਰ 131 ਕਿਸਮ ਵਧੇਰੇ ਲਾਹੇਵੰਦ :ਬਰਾੜ



ਲੁਧਿਆਣਾ 7 ਮਈ ( ਕਰਨੈਲ ਸਿੰਘ ਐੱਮ.ਏ.) ਪੰਜਾਬ ਵਿੱਚ ਝੋਨਾ ਵੱਡੇ ਰਕਬੇ ਹੇਠ ਬੀਜਿਆ ਜਾਂਦਾ ਹੈ। ਝੋਨੇ ਦੀ ਫਸਲ ਨੂੰ ਵਧੇਰੇ ਸਿਲ ਲੰਮੇ ਸਮੇਂ ਲਈ ਸੂਰਜ ਦੀ ਧੁੱਪ ਤੇ ਯਕੀਨ ਸਿੰਚਾਈ ਵਾਲੇ ਇਲਾਕੇ ਬਹੁਤ ਢੁਕਵੇਂ ਹੁੰਦੇ ਹਨ। ਝੋਨਾ ਉਹਨਾਂ ਜਮੀਨਾਂ ਵਿੱਚ ਵੀ ਬੀਜਿਆ ਜਾ ਸਕਦਾ ਹੈ ਜਿਨਾਂ ਵਿੱਚ ਪਾਣੀ ਛੇਤੀ ਨਹੀਂ ਰਿਸਦਾ , ਆਮ ਕਰਕੇ ਝੋਨੇ ਦੀ ਕਾਸ਼ਤ ਲਈ ਭਲ ਵਾਲੀ ਜ਼ਮੀਨ ਬਹੁਤ ਢੁਕਵੀਂ ਹੁੰਦੀ ਹੈ ਇਹ ਪ੍ਰਗਟਾਵਾ ਬਰਾਡ ਸੀਡਜ ਦੇ ਐਮ.ਡੀ ਹਰਵਿੰਦਰ ਸਿੰਘ ਬਰਾੜ ਨੇ ਕੀਤਾ ਉਹਨਾਂ ਦੱਸਿਆ ਕਿ ਇਸ ਸਾਲ ਝੋਨੇ ਦੀ ਕਿਸਮ ਪੀ .ਆਰ 131 ਪੀ. ਏ .ਯੂ ਲੁਧਿਆਣਾ ਵੱਲੋਂ ਪਾਸ ਵਧੇਰੇ ਲਾਹੇਵੰਦ ਕਿਸਮ ਹੈ। ਇਸ ਦਾ ਔਸਤਨ ਝਾੜ 32 ਤੋਂ 38 ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਅਤੇ ਇਸ ਦੀ ਉਚਾਈ 108 ਸੈਂਟੀਮੀਟਰ ਤੱਕ ਹੁੰਦੀ ਹੈ, ਇਹ ਕਿਸਮ ਸਮੇਤ ਪਨੀਰੀ 140 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ। ਵੱਧ ਝਾੜ ਲੈਣ ਲਈ ਇਸ ਦੀ ਪਨੀਰੀ 10 ਮਈ ਤੋਂ ਲੈ ਕੇ 5 ਜੂਨ ਤੱਕ ਬੀਜੋ। ਇਹ ਕਿਸਮ ਪਰਮਲ ਵਿੱਚ ਆਉਂਦੀ ਹੈ ਇਹ ਕਿਸਮ ਹਰ ਤਰ੍ਹਾਂ ਦੇ ਪਾਣੀ ਅਤੇ ਜ਼ਮੀਨ ਵਿੱਚ ਹੋ ਸਕਦੀ ਹੈ ।ਇਸ ਕਿਸਮ ਦਾ ਪਰਾਲ ਸਖਤ ਹੁੰਦਾ ਹੈ ਜਿਸ ਕਰਕੇ ਇਹ ਕਿਸਮ ਡਿੱਗਦੀ ਨਹੀਂ, ਇਸ ਦੇ ਦਾਣੇ ਲੰਬੇ ਪਤਲੇ ਅਤੇ ਸਫੇਦ ਚਮਕਦਾਰ ਹੁੰਦੇ ਹਨ ।ਇਹ ਕਿਸਮ ਝੁਲਸ ਰੋਗ ਦੇ ਜੀਵਾਣੂਆਂ ਦੀਆਂ ਸਾਰੀਆਂ ਦੱਸ ਕਿਸਮਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਦੂਜੀ ਪੀ.ਏ.ਯੂ ਲੁਧਿਆਣਾ ਵੱਲੋਂ ਪਾਸ ਕਿਸਮ ਪੀ. ਆਰ 126 ਵੀ ਵਧੇਰੇ ਲਾਹੇਵੰਦ ਕਿਸਮ ਹੈ ਇਹ ਕਿਸਮ ਸਮੇਤ ਪਨੀਰੀ 120 ਦਿਨਾਂ ਵਿੱਚ ਪੱਕਦੀ ਹੈ ਇਸ ਦਾ ਔਸਤਨ ਝਾੜ 30 ਤੋਂ 35 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ।ਇਸ ਕਿਸਮ ਨੂੰ ਬਿਮਾਰੀ ਘੱਟ ਲੱਗਣ ਕਰਕੇ ਇਸ ਫਸਲ ਉੱਪਰ ਖਰਚਾ ਵੀ ਘੱਟ ਆਉਂਦਾ ਹੈ। ਇਹ ਕਿਸਮ ਝੋਨੇ ਨੂੰ ਲੱਗਣ ਵਾਲੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦਾ ਕੱਦ 102 ਸੈਂਟੀਮੀਟਰ ਤੱਕ ਹੁੰਦਾ ਹੈ। ਬਰਾੜ ਨੇ ਦੱਸਿਆ ਇਸ ਤੋਂ ਇਲਾਵਾ ਝੋਨੇ ਦੀ ਨਵੀਂ ਕਿਸਮ ਸੁਪਰੀਮ ਬੀ ਆਰ 110 ਲਾਹੇਵੰਦ ਕਿਸਮ ਹੈ ਇਹ ਇੱਕ ਰਿਸਰਚ ਵਰਾਇਟੀ ਹੈ ਇਸ ਦਾ ਔਸਤਨ ਝਾੜ 32 ਤੋਂ 35 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ ਇਸ ਦੀ ਔਸਤਨ ਉਚਾਈ 112 ਸੈਂਟੀਮੀਟਰ ਤੱਕ ਹੁੰਦੀ ਹੈ ਇਹ ਕਿਸਮ ਸਮੇਤ ਪਨੀਰੀ 135 ਤੋਂ 140 ਦਿਨਾਂ ਵਿੱਚ ਪੱਕ ਜਾਂਦੀ ਹੈ, ਵੱਧ ਝਾੜ ਲੈਣੇ ਲਈ ਇਸ ਦੀ ਪਨੀਰੀ 10 ਮਈ ਤੋਂ 5 ਜੂਨ ਤੱਕ ਬਿਜਣੀ ਚਾਹੀਦੀ ਹੈ ।ਇਹ ਕਿਸਮ ਪਰਮਲ ਵਿੱਚ ਆਉਂਦੀ ਹੈ , ਇਹ ਕਿਸਮ ਹਰ ਤਰ੍ਹਾਂ ਦੇ ਪਾਣੀ ਅਤੇ ਜ਼ਮੀਨ ਵਿੱਚ ਬੀਜੀ ਜਾ ਸਕਦੀ ਹੈ। ਇਹ ਪਰਮਲ ਝੋਨੇ ਦੀ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀ ਕਿਸਮ ਹੈ ਇਹ ਕਿਸਮ ਝੁਲਸ ਰੋਗ ਦੇ ਜੀਵਾਣੂਆਂ ਦੀਆਂ ਸਾਰੀਆਂ ਦੱਸ ਕਿਸਮਾਂ ਦਾ ਟਾਕਰਾ ਕਰਨ ਵਿੱਚ ਸਮਰੱਥ ਹੈ। ਇਸ ਮੌਕੇ ਮੈਨੇਜਰ ਨਵਰੂਪ ਸਿੰਘ ਬਰਾੜ, ਕਮਲ ਸ਼ਰਮਾ, ਜਗਤਾਰ ਸਿੰਘ ਬਾਠ, ਹਰਪਾਲ ਸਿੰਘ ,ਪ੍ਰੀਤ ਮੋਹਨ ਸਿੰਘ ਗਿੱਲ ਆਦਿ ਹਾਜ਼ਰ ਸਨ ।

# ਰਿੰਕੂ ਦੀ ਅਗਵਾਈ 'ਚ ਸੁਖਬੀਰ ਸਿੰਘ ਬਾਦਲ ਦਾ ਨਿੱਘਾ ਸਵਾਗਤ

ਸੁਖਬੀਰ ਸਿੰਘ ਬਾਦਲ ਨੂੰ ਸਨਮਾਨਿਤ ਕਰਨ ਮੌਕੇ ਹਰਪ੍ਰੀਤ ਸਿੰਘ ਰਿੰਕੂ, ਰਜਿੰਦਰ ਸਿੰਘ, ਗਿਆਨੀ ਭਗਤ ਸਿੰਘ ਅਤੇ ਹੋਰ ਆਗੂ।



ਦਲਵਿੰਦਰ ਸਿੰਘ ਮਨੋਚਾ, ਗੜ੍ਹਸ਼ੰਕਰ- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਦੇ ਗੜ੍ਹਸ਼ੰਕਰ ਪਹੁੰਚਣ 'ਤੇ ਯੂਥ ਆਗੂ ਹਰਪ੍ਰੀਤ ਸਿੰਘ ਰਿੰਕੂ ਬੇਦੀ ਦੀ ਅਗਵਾਈ ਹੇਠ ਇਕੱਤਰ ਹੋਏ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸੁਖਬੀਰ ਸਿੰਘ ਬਾਦਲ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਇਸ ਮੌਕੇ ਇਕਬਾਲ ਸਿੰਘ ਖੇੜਾ ਅਤੇ ਰਜਿੰਦਰ ਸਿੰਘ ਚੱਕਸਿੰਘਾ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗਿਆਨੀ ਭਗਤ ਸਿੰਘ ਕੌਮੀ ਸਲਾਹਕਾਰ ਅਕਾਲੀ ਦਲ, ਸੁਖਵਿੰਦਰ ਸਿੰਘ ਰੁੜਕੀ ਖਾਸ, ਸੁਰੇਸ਼ ਕੁਮਾਰ ਜਾਲੀ, ਅਜੇ ਕੁਮਾਰ ਬਿਲੜੋ, ਧਰਮਿੰਦਰ ਕੁਮਾਰ ਬਿੱਲਾ, ਨੰਬਰਦਾਰ ਅਮਰੀਕ ਸਿੰਘ ਕਾਲੇਵਾਲ, ਜਸਵਿੰਦਰ ਸਿੰਘ ਲੱਲੀਆਂ, ਹੈਪੀ ਸੈਲਾ ,ਮਨਰਾਜਵੀਰ ਸਿੰਘ ਮੋਇਲਾ, ਕੁਲਰਾਜਵੀਰ ਸਿੰਘ ਮੋਇਲਾ, ਕੁਲਵਰਨ ਸਿੰਘ ਪੀਟੀਆਈ ,ਹਰਭਜਨ ਸਿੰਘ ਡੀਪੀ, ਜੁਝਾਰ ਸਿੰਘ ਚੱਕ ਸਿੰਘਾ ਬਲਵੀਰ ਸਿੰਘ ਰੁੜਕੀ ਖਾਸ ਜਗਦੀਪ ਸਿੰਘ ਨੰਗਲਾਂ, ਸੁਰਿੰਦਰ ਪਾਲ ਸਿੰਘ ਨੰਗਲਾਂ, ਲਖਬੀਰ ਸਿੰਘ ਕਾਲੇਵਾਲ ,ਬਲਵਿੰਦਰ ਸਿੰਘ ਖਾਬੜਾ, ਲਵਦੀਪ ਸਿੰਘ ਅਕਾਲਗੜ੍ਹ, ਵੀਰ ਸਿੰਘ ਲੱਲੀਆਂ, ਕੁਲਦੀਪ ਸਿੰਘ ਗੋਲੀਆਂ, ਧਰਮਿੰਦਰ ਸਿੰਘ ਰੁੜਕੀ ਖਾਸ, ਨਵਦੀਪ ਸਿੰਘ ਧਾਲੀਵਾਲ, ਕੁਲਬੀਰ ਸਿੰਘ ਮੋਇਲਾ ਆਦਿ ਹਾਜ਼ਰ ਸਨ।

# ਜਮੀਨ ਹੱਦਬੰਦੀ ਕਨੂੰਨ ਅਤੇ ਲਾਲ ਲਕੀਰ ਅੰਦਰ ਮਾਲਕੀ ਹੱਕ ਦੇਣ ਦੀ ਮੰਗ -ਮੁਕੇਸ਼ ਮਲੋਦ
# ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਵਿਹੜੇ ਵਾਲੇ ਕਰਨ ਸਵਾਲ



ਫਤਿਹਗੜ੍ਹ ਸਾਹਿਬ,7, ਮਈ (ਮਲਾਗਰ ਖਮਾਣੋਂ ) ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕਨਵੀਨਰ ਮੁਕੇਸ਼ ਮਲੌਦ, ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਦੀਆਂ ਲੋਕ ਸਭਾ ਚੋਣਾਂ ਦੌਰਾਨ ਪਿੰਡਾਂ ਤੇ ਸ਼ਹਿਰੀ ਮਜ਼ਦੂਰਾਂ ਦਾ ਭੱਖਦਾ ਮੁੱਦਾ ਜਮੀਨ ਹੱਦਬੰਦੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨਾ, ਲਾਲ ਲਕੀਰ ਦੇ ਅੰਦਰ ਰਹਾਇਸ਼ੀ ਤੇ ਪੰਚਾਇਤੀ ਬਾੜਿਆਂ ਦੇ ਮਾਲਕੀ ਹੱਕ ਦੇਣ ਸਬੰਧੀ ਪਿੰਡਾਂ ਤੇ ਸ਼ਹਿਰਾਂ ਦੇ ਮਜ਼ਦੂਰ ਚੋਣਾਂ ਲੜ ਰਹੇ ਉਮੀਦਵਾਰਾਂ ਨੂੰ ਸਵਾਲ ਕਰਨ ਦੀ ਮਹਿਮ ਵਿੱਚ ਸ਼ਾਮਿਲ ਹੋਣ। ਕਮੇਟੀ ਦੇ ਕਨਵੀਨਰ ਨੇ ਕਿਹਾ ਕਿ ਭਾਵੇਂ ਇਹ ਮੰਗਾਂ ਪਿੰਡਾਂ ਦੀ ਹਾਕਮ ਜਮਾਤ ਭੂਮੀਪਤੀਆਂ ਦੇ ਵਿਰੁੱਧ ਜਾਂਦੀਆਂ ਹਨ। ਇਸ ਨਾਲ ਪੇਂਡੂ ਸਮਾਜ ਦਾ ਜਮਾਤੀ ਤਵਾਜਨ ਹਿਲਦਾ ਹੈ। ਇਸ ਨਾਲ ਜਮਾਤੀ ਲਾਈਨ ਹੋਰ ਗੂੜੀ ਹੁੰਦੀ ਹੈ। ਇਸ ਮੰਗ ਤੇ ਸਮਾਜ ਵਿੱਚ ਭਾਈ ਲਾਲੋਆਂ ਤੇ ਮਲਕ ਭਾਗੋਆਂ ਦੇ ਵਾਰਸ ਲੋਕਾਂ ਦੇ ਸਾਹਮਣੇ ਆਉਣਗੇ। ਇਹਨਾਂ ਕਿਹਾ ਕਿ ਦਲਿਤ ਜਮਾਤ ਜਾਇਦਾਤ ਵਿਹੋਣੀ ਜਮਾਤ ਹੈ। ਇਹਨਾਂ ਦੇ ਘਰ ਵੀ ਪਿੰਡਾਂ ਦੀ ਲਾਲ ਲਕੀਰ ਦੇ ਅੰਦਰ ਹੋਣ ਕਰਕੇ ਇਹਨਾਂ ਦੀ ਕਾਨੂੰਨੀ ਮਾਲਕੀ ਨਹੀਂ ਹੈ। ਇਸ ਲਈ ਕਿਸੇ ਦੀ ਜੁਬਾਨਤ ,ਜਾਮਨੀ ਦੇਣ ਲਈ ਇਹ ਪੈਂਡੂ ਘੜੰਮ ਚੌਧਰੀਆਂ ਤੇ ਨਿਰਭਰ ਹਨ। ਜੇਕਰ ਦਲਿਤਾਂ ਨੂੰ ਲਾਲ ਲਕੀਰ ਦੇ ਅੰਦਰ ਮਾਲਕੀ ਦਾ ਕਾਨੂੰਨੀ ਤੌਰ ਤੇ ਹੱਕ ਮਿਲ ਜਾਂਦਾ ਹੈ ,ਤਾਂ ਉਹਨਾਂ ਦੀ ਭੂਮੀਪਤੀਆਂ ਤੇ ਨਿਰਭਰਤਾ ਘਟ ਜਾਵੇਗੀ। ਹਾਕਮ ਜਮਾਤੀ ਪਾਰਟੀਆਂ ਇਹ ਨਿਰਭਰਤਾ ਖਤਮ ਨਹੀਂ ਹੋਣ ਦੇਣਾ ਚਾਹੁੰਦੀਆਂ। ਇਸ ਲਈ ਇਹ ਸਾਰੀਆਂ ਪਾਰਟੀਆਂ ਇੱਕ ਮੱਤ ਹਨ। ਮਜ਼ਦੂਰ ਜਮਾਤ ਨੂੰ ਇਹਨਾਂ ਦੀ ਅਸਲੀਅਤ ਨੂੰ ਸਮਝ ਕੇ ਜਥੇਬੰਦ ਹੋਣਾ ਪਵੇਗਾ ਅਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਹੋਵੇਗਾ।

# ਗੜ੍ਹਸ਼ੰਕਰ ਵਿੱਚ ਖੂੰਖਾਰ ਅਵਾਰਾ ਕੁੱਤਿਆਂ ਦਾ ਖੌਫ



ਦਲਵਿੰਦਰ ਸਿੰਘ ਮਨੋਚਾ, ਗੜ੍ਹਸ਼ੰਕਰ- ਗੜ੍ਹਸ਼ੰਕਰ ਸ਼ਹਿਰ ਦੀ ਹਰ ਗਲੀ ਮਹੱਲੇ ਵਿੱਚ ਵੱਡੀ ਗਿਣਤੀ ਵਿੱਚ ਖੂੰਖਾਰ ਅਵਾਰਾ ਕੁੱਤਿਆਂ ਦੀਆਂ ਡਾਰਾਂ ਘੁੰਮ ਰਹੀਆਂ ਹਨ ਜਿਸ ਕਾਰਨ ਸ਼ਹਿਰ ਵਾਸੀਆਂ ਵਿੱਚ ਬੇਹੱਦ ਖੌਫ ਹੈ। ਵੱਡੀ ਗਿਣਤੀ ਵਿੱਚ ਘੁੰਮਦੇ ਇਹ ਕੁੱਤੇ ਲੋਕਾਂ 'ਤੇ ਹਮਲੇ ਕਰਕੇ ਉਨ੍ਹਾਂ ਨੂੰ ਜ਼ਖਮੀ ਕਰ ਰਹੇ ਹਨ । ਬਲਦੇਵ ਕਿਸ਼ਨ ਵਾਸੀ ਦੀਪ ਕਲੋਨੀ ਗੜ੍ਹਸ਼ੰਕਰ ਨੇ ਦੱਸਿਆ ਕਿ ਐਤਵਾਰ ਨੂੰ ਮੁਹੱਲੇ ਦੇ ਘਰਾਂ ਵਿੱਚ ਕੰਮ ਕਰਨ ਆਉਣ ਵਾਲੀ ਔਰਤ ਨੂੰ ਅਵਾਰਾ ਕੁੱਤਿਆਂ ਵੱਲੋਂ ਘੇਰ ਲਿਆ ਗਿਆ। ਜਦ ਉਹ ਉਸ ਔਰਤ ਨੂੰ ਛੁਡਾਉਣ ਲੱਗਾ ਤਾਂ ਕੁੱਤਿਆਂ ਨੇ ਉਸਨੂੰ ਵੱਢ ਲਿਆ ਤੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਉਪ ਮੰਡਲ ਸ਼ਿਕਾਇਤ ਨਿਵਾਰਨ ਕਮੇਟੀ ਗੜ੍ਹਸ਼ੰਕਰ ਦੇ ਸਾਬਕਾ ਮੈਂਬਰ ਹਰਜੀਤ ਸਿੰਘ ਨਾਗਪਾਲ ਨੇ ਨਗਰ ਕੌਂਸਲ ਤੋਂ ਮੰਗ ਕਰਦਿਆਂ ਕਿਹਾ ਕਿ ਇਨ੍ਹਾਂ ਅਵਾਰਾ ਕੁੱਤਿਆਂ ਤੇ ਕਾਬੂ ਪਾਇਆ ਜਾਵੇ ਤਾਂ ਜੋ ਲੋਕਾਂ ਦੀ ਜਾਨ ਸੁਰੱਖਿਅਤ ਹੋ ਸਕੇ। ਇਸ ਮੌਕੇ ਪ੍ਰਵੀਨ ਰਾਣਾ, ਰਣਜੀਤ ਕੌਰ, ਜਗਤਾਰ ਸਿੰਘ, ਮਨਜੀਤ ਸਿੰਘ, ਗੁਰਮੇਲ ਸਿੰਘ, ਮਹਿੰਦਰ ਪਾਲ, ਰਜਿੰਦਰ ਸਿੰਘ, ਕਮਲਜੀਤ ਸਿੰਘ, ਹਰਪ੍ਰੀਤ ਸਿੰਘ, ਹਰਦੇਵ ਸਿੰਘ, ਹਰਭਜਨ ਕੌਰ, ਪ੍ਰੋਮਿਲਾ ਆਦਿ ਨੇ ਨਗਰ ਕੌਂਸਲ ਤੋਂ ਉਬਾਰਾ ਕੁੱਤਿਆਂ ਤੇ ਕਾਬੂ ਪਾਉਣ ਦੀ ਮੰਗ ਕੀਤੀ ਤਾਂ ਜੋ ਸ਼ਹਿਰ ਵਿੱਚ ਲੋਕ ਬੇਖੌਫ ਆ ਜਾ ਸਕਣ।

# ਕਣਕ ਦੇ ਅਡਵਾਂਸ ਪੱਤਰ ਜਾਰੀ ਨਾ ਹੋਣ ਕਾਰਨ ਮੁਲਾਜ਼ਮਾਂ ਚ ਰੋਸ ਕਣਕ ਦਾ ਸੀਜ਼ਨ ਖਤਮ ਹੋਣ ਦੇ ਕਿਨਾਰੇ ਤੇ



ਫ਼ਤਿਹਗੜ੍ਹ ਸਾਹਿਬ,7 ਮਈ(ਮਲਾਗਰ ਖਮਾਣੋਂ) ਪੀ ਡਬਲਿਊ ਡੀ ਭਵਨ ਤੇ ਮਾਰਗ, ਜਲ ਸਪਲਾਈ ਅਤੇ ਸੈਨੀਟੇਸ਼ਨ, ਸਿੰਚਾਈ , ਤੇ ਸੀਵਰੇਜ ਬੋਰਡ ਦੇ ਫੀਲਡ ਮੁਲਾਜ਼ਮਾਂ ਦੀ ਜਥੇਬੰਦੀ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਦੇ ਜੋਨ ਪ੍ਰਧਾਨ ਮਲਾਗਰ ਸਿੰਘ ਖਮਾਣੋ ਸਕੱਤਰ ਬਲਜਿੰਦਰ ਸਿੰਘ ਕਜੌਲੀ, ਬਰਾਂਚ ਰੋਪੜ ਐਂਡ ਮੋਹਾਲੀ ਦੇ ਪ੍ਰਧਾਨ ਬ੍ਰਹਮਪਾਲ ਸਹੋਤਾ ,ਅਮਰੀਕ ਸਿੰਘ ਖਿਦਰਾਵਾਦ , ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਤਰਲੋਚਨ ਸਿੰਘ ਜਨਰਲ ਸਕੱਤਰ ਦੀਦਾਰ ਸਿੰਘ ਢਿੱਲੋਂ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਚੌਥਾ ਦਰਜਾ ਮੁਲਾਜ਼ਮਾਂ ਨੂੰ ਕਣਕ ਖਰੀਦਣ ਲਈ ਹਰੇਕ ਸਾਲ ਬਿਨਾਂ ਬਿਆਜ ਤੋਂ ਕਰਜ਼ਾ ਦਿੰਦੀ ਹੈ ।ਇਸ ਕਰਜੇ ਨੂੰ ਦੱਸ ਕਿਸਤਾਂ ਵਿੱਚ ਕੱਟਿਆ ਜਾਂਦਾ ਹੈ।

ਕਣਕ ਦਾ ਸੀਜਨ ਖਤਮ ਹੋਣ ਕਿਨਾਰੇ ਹੈ ਅਤੇ ਸਰਕਾਰ ਨੇ ਮੁਲਾਜ਼ਮਾਂ ਨੂੰ ਹਲੇ ਤੱਕ ਇਸ ਕਰਜੇ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ।ਜਦੋਂ ਕਿ ਸਮੇਂ ਰਹਿੰਦੇ ਸਿਰ ਇਹ ਪੱਤਰ ਜਾਰੀ ਹੋਣਾ ਚਾਹੀਦਾ ਸੀ ।ਉਹਨਾਂ ਦੋਸ਼ ਲਾਇਆ ਕਿ ਉੱਚ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਅਜਿਹਾ ਕੁਝ ਹੋ ਰਿਹਾ ਹੈ ।ਇਹਨਾਂ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਦਰਜਾ ਚਾਰ ਮੁਲਾਜ਼ਮਾਂ ਨੂੰ ਵਿਆਜ ਰਹਿਤ ਕਰਜ਼ੇ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ ਤਾਂ ਜੋ ਸਮੁੱਚੇ ਵਿਭਾਗਾ ਦੇ ਦਰਜਾ ਚਾਰ ਮੁਲਾਜ਼ਮ ਕਣਕ ਖਰੀਦ ਸਕਣ।

# ਭਾਜਪਾ ਦੇ ਜੁਮਲਿਆਂ ਤੋਂ ਹੱਟ ਕੇ ਕਾਂਗਰਸ ਦੀ ਸੋਚ ਲੋਕ ਭਲਾਈ 'ਤੇ ਕੇਂਦਰਿਤ:- ਮਨੀਸ਼ ਤਿਵਾੜੀ

## ਕਿਹਾ: ਤੀਜੇ ਪੜਾਅ ਦੀ ਵੋਟਿੰਗ 'ਚ ਭਾਜਪਾ ਦਾ ਸੁਪੜਾ ਸਾਫ ਹੋ ਗਿਆ

Desi Punjab YouTube www.desipunjab.in



ਚੰਡੀਗੜ੍ਹ, 7 ਮਈ (ਅਜੈ ਪੁਰੀ) ਕਾਂਗਰਸ ਦੇ ਸੀਨੀਅਰ ਆਗੂ ਅਤੇ ਚੰਡੀਗੜ੍ਹ ਸੰਸਦੀ ਹਲਕੇ ਤੋਂ ਇੰਡੀਆ ਗਠਜੋੜ ਦੇ ਸਾਂਝੇ ਉਮੀਦਵਾਰ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਭਾਜਪਾ ਦੇ ਨਾਅਰਿਆਂ ਦੇ ਉਲਟ ਕਾਂਗਰਸ ਦੀ ਸੋਚ ਲੋਕ ਭਲਾਈ 'ਤੇ ਕੇਂਦਰਿਤ ਹੈ, ਜਿਸ ਨਾਲ ਨੌਜਵਾਨਾਂ, ਔਰਤਾਂ, ਮਜ਼ਦੂਰਾਂ ਅਤੇ ਕਿਸਾਨਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਫਾਇਦਾ ਹੋਵੇਗਾ।

ਸਾਬਕਾ ਕੇਂਦਰੀ ਮੰਤਰੀ ਨੇ ਇਹ ਵੀ ਕਿਹਾ ਕਿ ਤੀਜੇ ਪੜਾਅ ਦੀ ਵੋਟਿੰਗ ਪੂਰੀ ਹੋਣ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਦਾ ਸਫਾਇਆ ਹੋ ਗਿਆ ਹੈ ਅਤੇ ਇਸਦਾ ਰਸਮੀ ਐਲਾਨ 4 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਕੀਤਾ ਜਾਵੇਗਾ।

ਇਸ ਦੌਰਾਨ ਸੈਕਟਰ 35 ਵਿੱਚ ਪੈਦਲ ਯਾਤਰਾ ਦੌਰਾਨ ਇਲਾਕਾ ਨਿਵਾਸੀਆਂ, ਵਪਾਰੀਆਂ, ਦੁਕਾਨਦਾਰਾਂ, ਸਰਕਾਰੀ ਅਤੇ ਪ੍ਰਾਈਵੇਟ ਮੁਲਾਜ਼ਮਾਂ ਨਾਲ ਗੱਲਬਾਤ ਕਰਦਿਆਂ, ਤਿਵਾੜੀ ਨੇ ਕਾਂਗਰਸ ਵੱਲੋਂ ਦੇਸ਼ ਦੇ ਲੋਕਾਂ ਨਾਲ ਕੀਤੇ ਗਏ ਕੁਝ ਵਾਅਦਿਆਂ ਜਿਨਾਂ ਚ ਵਿਸ਼ੇਸ਼ ਤੌਰ ਤੇ ਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਅਤੇ ਗਰੀਬ ਪਰਿਵਾਰਾਂ ਨੂੰ ਨਿਯਮਿਤ ਮਹੀਨਾਂ ਬਾਅਦ ਆਰਥਿਕ ਸਹਾਇਤਾ ਦੇ ਨਾਲ ਨਾਲ ਸੰਬੰਧਿਤ ਵਾਇਦੇ ਸ਼ਾਮਿਲ ਹਨ। ਇਸ ਪੈਦਲ ਯਾਤਰਾ ਦਾ ਆਯੋਜਨ ਕੌਂਸਲਰ ਪ੍ਰੇਮ ਲਤਾ ਅਤੇ ਏ.ਐਸ. ਗੁਜਰਾਲ ਨੇ ਕੀਤਾ ਸੀ। ਜਿਸ ਦੌਰਾਨ ਤਿਵਾੜੀ ਸਮੇਤ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ.ਐਸ. ਲੱਕੀ, ਕੌਂਸਲਰ ਦਮਨਪ੍ਰੀਤ ਸਿੰਘ ਤੇ ਜਸਵੀਰ ਸਿੰਘ ਬੰਟੀ, ਰਵਿੰਦਰ ਕੌਰ ਗੁਜਰਾਲ ਤੇ ਹੋਰ ਹਾਜ਼ਰ ਸਨ।

ਉਨ੍ਹਾਂ ਖੁਲਾਸਾ ਕੀਤਾ ਕਿ ਇਸ ਸਮੇਂ ਦੇਸ਼ ਵਿੱਚ ਬੇਰੁਜ਼ਗਾਰੀ ਪਿਛਲੇ 45 ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਹੈ। ਉਨ੍ਹਾਂ ਕਿਹਾ ਕਿ ਪਹਿਲੀ ਨੌਕਰੀ ਪੱਕੀ ਸਕੀਮ ਤਹਿਤ ਦੇਸ਼ ਭਰ ਵਿੱਚ ਹਰੇਕ ਨਵੇਂ ਗ੍ਰੈਜੂਏਟ ਅਤੇ ਡਿਪਲੋਮਾ ਹੋਲਡਰ ਨੂੰ 1 ਲੱਖ ਰੁਪਏ ਦੀ ਗਰੰਟੀਸ਼ੁਦਾ ਆਮਦਨ ਦੇ ਨਾਲ ਇੱਕ ਸਾਲ ਦੀ ਅਪ੍ਰੈਂਟਿਸਸ਼ਿਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦੇ 70 ਕਰੋੜ ਬੇਰੁਜ਼ਗਾਰਾਂ ਲਈ ਅਜਿਹੇ ਕ੍ਰਾਂਤੀਕਾਰੀ ਕਦਮ ਹੀ ਸਹਾਈ ਹੋ ਸਕਦੇ ਹਨ ਅਤੇ ਇਹ ਕੰਮ ਕਾਂਗਰਸ ਅਤੇ ਭਾਰਤ ਮਿਲ ਕੇ ਹੀ ਕਰ ਸਕਦੇ ਹਨ।

ਇੰਡੀਆ ਅਲਾਇੰਸ ਦੇ ਉਮੀਦਵਾਰ ਨੇ ਕਿਹਾ ਕਿ ਦੇਸ਼ ਭਰ ਦੇ ਹਰ ਗਰੀਬ ਪਰਿਵਾਰ ਨੂੰ 8500 ਰੁਪਏ ਪ੍ਰਤੀ ਮਹੀਨਾ ਮਿਲਣਗੇ। ਇਹ ਰਕਮ ਬਜ਼ੁਰਗ ਮਹਿਲਾ ਮੈਂਬਰ ਦੇ ਬੈਂਕ ਖਾਤੇ ਵਿੱਚ ਸਿੱਧੀ ਜਮ੍ਹਾਂ ਕਰਵਾਈ ਜਾਵੇਗੀ।

# ਸ.ਮਿ.ਸ.ਮੈਣ ਦੇ 10 ਵਿਦਿਆਰਥੀਆਂ ਨੇ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਹਾਸਲ ਕੀਤੇ 100 ਵਿਚੋਂ 100 ਅੰਕ

Desi Punjab YouTube www.desipunjab.in



(ਪਟਿਆਲਾ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਦੀ ਬੋਰਡ ਪ੍ਰੀਖਿਆ-2024 ਦਾ ਨਤੀਜਾ ਐਲਾਨਿਆ ਗਿਆ।ਸਰਕਾਰੀ ਮਿਡਲ ਸਕੂਲ ਮੈਣ (ਪਟਿਆਲਾ) ਦੀ ਅੱਠਵੀਂ ਦੀ ਬੋਰਡ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੇ 28 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ ਅਤੇ ਸਾਰੇ ਵਿਦਿਆਰਥੀ ਚੰਗੇ ਅੰਕ ਪ੍ਰਾਪਤ ਕਰਕੇ ਪਾਸ ਹੋਏ।ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਇਸ ਸਕੂਲ ਦਾ ਕੰਪਿਊਟਰ ਸਾਇੰਸ ਵਿਸ਼ੇ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਕੰਪਿਊਟਰ ਸਾਇੰਸ ਵਿਸ਼ੇ ਵਿੱਚ ਸਭ ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ।ਸਰਕਾਰੀ ਮਿਡਲ ਸਕੂਲ ਮੈਣ (ਪਟਿਆਲਾ) ਦੀ ਕਮਲ ਕੌਰ, ਅਨੁਪ੍ਰੀਤ ਕੌਰ, ਰਜਨੀ ਯਾਦਵ, ਅਨੀਤਾ ਰਾਣੀ, ਨਿਸ਼ਾ ਕੁਮਾਰੀ, ਮੰਜੂ, ਚਾਂਦਨੀ, ਕੁਲਵੀਰ ਕੌਰ, ਦੀਪਿਕਾ ਅਤੇ ਸੰਦੀਪ ਕੁਮਾਰ ਤਿਵਾੜੀ ਨੇ ਅੱਠਵੀਂ ਦੀ ਬੋਰਡ ਪ੍ਰੀਖਿਆ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਸ੍ਰੀਮਤੀ ਮੋਨਿਕਾ ਅਰੋੜਾ (ਸਕੂਲ ਇੰਚਾਰਜ) ਨੇ ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ) ਅਤੇ ਸਮੂਹ ਵਿਦਿਆਰਥੀਆਂ ਨੂੰ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿਤੀ। ਸ੍ਰੀਮਤੀ ਮੋਨਿਕਾ ਅਰੋੜਾ (ਸਕੂਲ ਇੰਚਾਰਜ) ਜੀ ਨੇ ਕਿਹਾ ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ) ਨੇ ਵਿਦਿਆਰਥੀਆਂ ਤੇ ਬਹੁਤ ਮਿਹਨਤ ਕੀਤੀ ਸੀ, ਜਿਸ ਦੇ ਸਿੱਟੇ ਵੱਜੋਂ ਵਿਦਿਆਰਥੀਆਂ ਨੇ ਕੰਪਿਊਟਰ ਸਾਇੰਸ ਵਿਸ਼ੇ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਸ੍ਰੀਮਤੀ ਮੋਨਿਕਾ ਅਰੋੜਾ ਜੀ ਨੇ ਕਿਹਾ ਸਕੂਲ ਦੇ ਬਾਕੀ ਵਿਦਿਆਰਥੀਆਂ ਨੂੰ ਵੀ ਇਹਨਾਂ ਵਿਦਿਆਰਥੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਪੜ੍ਹਾਈ ਵਿੱਚ ਹੋਰ ਮਿਹਨਤ ਕਰਨੀ ਚਾਹੀਦੀ ਹੈ।ਇਸ ਮੌਕੇ ਤੇ ਸ੍ਰੀਮਤੀ ਵੰਦਨਾ ਗੁਪਤਾ (ਹਿੰਦੀ ਮਿਸਟ੍ਰੈਸ), ਸ੍ਰੀ ਦੀਪਇੰਦਰ ਸਿੰਘ (ਪੀ.ਟੀ.ਆਈ) ਅਤੇ ਸ੍ਰੀਮਤੀ ਵੰਦਨਾ ਜੈਨ (ਸ.ਸ. ਮਿਸਟ੍ਰੈਸ) ਮੌਜੂਦ ਸਨ।

# ਖਡੂਰ ਸਾਹਿਬ ਸੀਟ ਕਾਂਗਰਸ ਵੱਡੇ ਫ਼ਰਕ ਨਾਲ ਜਿੱਤੇਗੀ ( M L A :ਭਲਾਈਪੁਰ-ਜਰਮਨਜੀਤ

Desi Punjab YouTube www.desipunjab.in





ਰਈਆ ਬਾਬਾ ਬਕਾਲਾ /7 ਮਈ (ਬਲਵਿੰਦਰ ਸਿੰਘ ਸੰਧੂ / ਗੌਰਵ ਸ਼ਰਮਾ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਕਾਂਗਰਸ ਦੇ ਸਾਬਕਾ ਐਮਐਲਏ ਸੰਤੋਖ ਸਿੰਘ ਭਲਾਈਪੁਰ ਅਤੇ ਅੰਮ੍ਰਿਤਸਰ ਦਿਹਾਤੀ ਦੇ ਜਿਲਾ ਯੂਥ ਪ੍ਰਧਾਨ ਜਰਮਨਜੀਤ ਸਿੰਘ ਢਿੱਲੋ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਆਨ ਵਿੱਚ ਕਿਹਾ ਕਿ ਲੋਕ ਸਭਾ ਪੰਜਾਬ ਦੀਆਂ13 ਦੀਆਂ13 ਸੀਟਾਂ ਤੇ ਕਾਂਗਰਸ ਬਹੁਤ ਹੀ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰੇਗੀ ਉਹਨਾਂ ਨੇ ਕਿਹਾ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕੁ੍ਲਬੀਰ ਸਿੰਘ ਜੀਰੇ ਨੂੰ ਵੱਡੀ ਲੀਡ ਨਾਲ ਜਿੱਤਾ ਕੇ ਹਲਕਾ ਬਾਬਾ ਬਕਾਲਾ ਸਾਹਿਬ ਤੋਂ ਜਿੱਤਾ ਕੇ ਲੋਕ ਦਿੱਲੀ ਦੀ ਪਾਰਲੀਮੈਂਟ ਵਿੱਚ ਭੇਜਣਗੇ ਅਤੇ ਉਹਨਾਂ ਨੇ ਕਿਹਾਂ ਕਿ ਸੱਤਾਧਾਰੀ ਪਾਰਟੀ ਨੇ ਪੰਜਾਬ ਦੇ ਲੋਕਾਂ ਦੇ ਦਿਲਾਂ ਨਾਲ ਖਿਲਵਾੜ ਕੀਤਾ ਹੈ।ਜਿਸ ਆਸ ਨਾਲ ਪੰਜਾਬ ਦੀ ਆਮ ਨੇ ਆਮ ਪਾਰਟੀ ਨੂੰ ਇੰਨਾ ਵੱਡਾ ਫਤਵਾ ਦੇ ਕੇ ਪੰਜਾਬ ਵਿਚ ਆਪ ਦੀ ਸਰਕਾਰ ਬਣਾਈ ਸੀ ਪਰ ਹੁਣ ਪਾਰਟੀ ਦੇ ਝੂਠੇ ਦਾਅਵਿਆਂ ਦੀ ਫੂਕ ਨਿਕਲਦੀ ਨਜ਼ਰ ਆ ਰਹੀ ਹੈ।ਹੁਣ ਪੂਰੇ ਪੰਜਾਬ ਦੇ ਲੋਕ ਵੀ ਆਮ ਆਦਮੀ ਪਾਰਟੀ ਅਤੇ ਬੀਜੇਪੀ ਨੂੰ ਨਕਾਰਦੇ ਹੋਏ ਨਜ਼ਰ ਆ ਰਹੇ ਹਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਅਤੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ 108ਵਾਂ ਜਨਮ ਦਿਹਾੜਾ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਧੂਮਧਾਮ ਨਾਲ ਮਨਾਇਆ ਗਿਆ।

Desi Punjab YouTube www.desipunjab.in







ਫਗਵਾੜਾ 5 ਮਈ (ਸ਼ਿਵ ਕੌੜਾ) 18ਵੀਂ ਸਦੀ ਦੇ ਮਹਾਨ ਫੌਜੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 301ਵੀਂ ਜਨਮ ਸ਼ਤਾਬਦੀ ਅਤੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ 108ਵਾਂ ਜਨਮ ਦਿਹਾੜਾ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ, ਬੰਗਾ ਰੋਡ ਵਿਖੇ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। . ਸਵੇਰੇ 10 ਵਜੇ ਸਭਾ ਦੇ ਪ੍ਰਧਾਨ ਬਲਵੰਤ ਰਾਏ ਧੀਮਾਨ ਅਤੇ ਸਮੂਹ ਮੈਂਬਰਾਂ ਨੇ ਮੱਥਾ ਟੇਕਿਆ ਅਤੇ ਮੰਤਰਾਂ ਦੇ ਜਾਪ ਦੇ ਨਾਲ-ਨਾਲ ਹਵਨ ਯੱਗ ਕੀਤਾ | ਇਸ ਤੋਂ ਬਾਅਦ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਹਾਜ਼ਰ ਮੈਂਬਰਾਂ ਅਤੇ ਸੰਗਤਾਂ ਨੂੰ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਅਤੇ ਗਿਆਨੀ ਜ਼ੈਲ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਜਨਮ ਦਿਹਾੜੇ ਦੀ ਵਧਾਈ ਦਿੱਤੀ। ਉਨ੍ਹਾਂ ਦੇਸ਼ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਇਕਜੁੱਟ ਹੋ ਕੇ ਸਮਾਜ ਦੀ ਸੇਵਾ ਕਰਨ ਦੀ ਅਪੀਲ ਕੀਤੀ। ਲੰਗਰ ਸੇਵਾ ਨਿਰਵਿਘਨ ਜਾਰੀ ਰਹੀ। ਇਸ ਮੌਕੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਪਾਲ ਧੀਮਾਨ, ਜਨਰਲ ਸਕੱਤਰ ਗੁਰਨਾਮ ਸਿੰਘ ਜੁਤਲਾ, ਕੈਸ਼ੀਅਰ ਸੁਭਾਸ਼ ਧੀਮਾਨ ਤੋਂ ਇਲਾਵਾ ਰਮੇਸ਼ ਧੀਮਾਨ, ਜਸਪਾਲ ਸਿੰਘ ਲਾਲ, ਅਰੁਣ ਰੂਪਰਾਏ, ਵਿਕਰਮਜੀਤ ਚੱਗਰ, ਅਮੋਲਕ ਸਿੰਘ ਝੀਤਾ, ਅਸ਼ੋਕ ਧੀਮਾਨ, ਨਰਿੰਦਰ ਸਿੰਘ ਤੱਤੜ, ਸੁਰਿੰਦਰ. ਸਿੰਘ ਕਲਸੀ, ਜਗਦੇਵ ਸਿੰਘ ਕੁੰਦੀ, ਪਲਵਿੰਦਰ ਵਿਰਦੀ, ਮਧੂ ਸੂਦਨ ਧੀਮਾਨ, ਧੀਰਜ ਧੀਮਾਨ, ਰਵਿੰਦਰ ਸਿੰਘ ਪਨੇਸਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਲੇਬਰ ਚੌਂਕ ਵਿਖੇ ਬੁਨਿਆਦੀ ਸਹੂਲਤਾਂ ਦੇਣ ਦੀ ਮੰਗ

Desi Punjab YouTube www.desipunjab.in



ਸ੍ਰੀ ਚਮਕੌਰ ਸਾਹਿਬ ,7, ਮਈ ()ਉਸਾਰੀ ਨਾਲ ਸੰਬੰਧਿਤ ਮਿਸਤਰੀਆਂ, ਮਜ਼ਦੂਰਾਂ ਦੀ ਜਥੇਬੰਦੀ ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਰਜਿ ਸਬੰਧਤ ਇਫਟੂ ਬਲਾਕ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਬਲਵਿੰਦਰ ਸਿੰਘ ਭੈਰੋ ਮਾਜਰਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਵਿਸ਼ਵਕਰਮਾ ਭਵਨ ਵਿਖੇ ਹੋਈ ।ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਜਨਰਲ ਸਕੱਤਰ ਮਿਸਤਰੀ ਮਨਮੋਹਨ ਸਿੰਘ ਕਾਲਾ ਨੇ ਦੱਸਿਆ ਕਿ ਮੀਟਿੰਗ ਵਿੱਚ ਮਤਾ ਪਾਸ ਕਰਕੇ ਸਮੁੱਚੇ ਮਿਸਤਰੀਆਂ ,ਮਜ਼ਦੂਰਾਂ ਭਰਾਤਰੀ ਜਥੇਬੰਦੀਆਂ ਤੇ ਉਸਾਰੀ ਨਾਲ ਸੰਬੰਧਿਤ ਦੁਕਾਨਦਾਰਾਂ ਵੱਲੋਂ ਮਈ ਦੇ ਸਮਾਗਮ ਸਬੰਧੀ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। । ਮੀਟਿੰਗ ਵਿੱਚ ਵਿਸ਼ੇਸ਼ ਮਤਾ ਪਾਸ ਕਰਕੇ ਨਗਰ ਕੌਂਸਲ , ਹਲਕਾ ਵਿਧਾਇਕ ਅਤੇ ਸਥਾਨਕ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਮਜ਼ਦੂਰਾਂ ਮਿਸਤਰੀਆਂ ਲਈ ਬਣਾਏ ਨਵੇਂ ਲੇਬਰ ਚੌਂਕ ਵਿਖੇ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ ,ਇਹਨਾਂ ਕਿਹਾ ਕਿ ਇਸ ਲੇਬਰ ਚੌਂਕ ਵਿਖੇ ਨਾ ਪਾਣੀ ਦਾ ਪ੍ਰਬੰਧ ਹੈ ਨਾ ਬਿਜਲੀ ਦਾ ਪ੍ਰਬੰਧ , ਤੇ ਨਾ ਹੀ ਲੈਟਰਿੰਗ ਬਾਥਰੂਮਾਂ ਦਾ ਪ੍ਰਬੰਧ ਹੈ। ਇਥੋਂ ਤੱਕ ਬੈਠਣ ਦੇ ਲਈ ਵੀ ਕੋਈ ਬੈਂਚ ਵਗੈਰਾ ਨਹੀਂ ਹਨ ।ਇਹਨਾਂ ਕਿਹਾ ਕਿ ਮੰਗਾਂ ਸਬੰਧੀ ਕਈ ਵਾਰ ਇਲਾਕੇ ਦੇ ਹਲਕਾ ਵਿਧਾਇਕ ਸਮੇਤ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦੇ ਚੁੱਕੇ ਹਾਂ ਪਰ ਹਲੇ ਤੱਕ ਇੱਕ ਵੀ ਮੰਗ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਇਹਨਾਂ ਕਿਹਾ ਕਿ ਇੱਕ ਪਾਸੇ ਲੋਕ ਪਾਣੀ ਦੀਆਂ ਛਬੀਲਾਂ ਲਾਉਂਦੇ ਹਨ ।ਪਰੰਤੂ ਦੂਜੇ ਪਾਸੇ ਨਗਰ ਕੌਂਸਲ ਵੱਲੋਂ ਮਜ਼ਦੂਰਾਂ ਦੇ ਪੀਣ ਵਾਲੇ ਪਾਣੀ ਦਾ ਵੀ ਪ੍ਰਬੰਧ ਵੀ ਨਹੀਂ ਕੀਤਾ ਜਾ ਰਿਹਾ। ਇਹਨਾਂ ਫੈਸਲਾ ਕੀਤਾ ਕਿ ਜੇਕਰ ਲੇਬਰ ਚੌਂਕ ਵਿਖੇ ਬੁਨਿਆਦੀ ਸਹੂਲਤਾਂ ਪ੍ਰਦਾਨ ਨਾ ਕੀਤੀਆਂ ਅਤੇ ਉਸਾਰੀ ਨਾਲ ਸੰਬੰਧਿਤ ਮਜ਼ਦੂਰਾਂ ਦੇ ਮੰਗਾਂ ਮਸਲਿਆਂ ਸਬੰਧੀ ਲੇਬਰ ਵਿਭਾਗ ਵੱਲੋਂ ਕੋਈ ਕਾਰਵਾਈ ਨਾ ਕੀਤੀ ਤਾਂ ਯੂਨੀਅਨ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ । ਮੀਟਿੰਗ ਵਿੱਚ ਵਿਸ਼ੇਸ਼ ਮਤਾ ਪਾਸ ਕਰਕੇ ਚੋਣਾਂ ਲੜ ਰਹੇ ਉਮੀਦਵਾਰਾਂ ਤੋਂ ਮੰਗ ਕੀਤੀ ਗਈ ਕਿ ਪਿੰਡਾਂ ਤੇ ਸ਼ਹਿਰਾਂ ਦੇ ਮਜ਼ਦੂਰਾਂ ਜਿਨ੍ਹਾਂ ਦੇ ਰਿਹਾਇਸ਼ੀ ਘਰ ਲਾਲ ਲਕੀਰ ਦੇ ਅੰਦਰ ਹਨ ਉਹਨਾਂ ਨੂੰ ਕਾਨੂੰਨੀ ਮਾਲਕੀ ਦੇ ਹੱਕ ਦਿੱਤੇ ਜਾਣ । ਮੀਟਿੰਗ ਵਿੱਚ ਚੇਅਰਮੈਨ ਦਲਵੀਰ ਸਿੰਘ ਜਟਾਣਾ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਜੈਲਾ ,ਅਜੈਬ ਸਿੰਘ ਸਮਾਣਾ, ਗੁਰਮੇਲ ਸਿੰਘ, ਸੁਰਿੰਦਰ ਸਿੰਘ ,ਕਮਲਜੀਤ ਸਿੰਘ ,ਗੁਲਾਬ ਚੰਦ ਚੌਹਾਨ ,ਲਖਬੀਰ ਸਿੰਘ ਹਵਾਰਾ ,ਹਰਮੇਸ਼ ਕੁਮਾਰ ਕਾਕਾ, ਸਤਵਿੰਦਰ ਸਿੰਘ ਨੀਟਾ, ਜਗਮੀਤ ਸਿੰਘ ,ਦਵਿੰਦਰ ਸਿੰਘ ਰਾਜੂ, ਗੁਰਪ੍ਰੀਤ ਸਿੰਘ ,ਬਹਾਦਰ ਸਿੰਘ ਜਟਾਣਾ, ਜੀਵਨ ਸਿੰਘ , ਮਲਾਗਰ ਸਿੰਘ ਆਦਿ ਹਾਜ਼ਰ ਸਨ ।

# ਖੰਨਾ ਪੁਲਿਸ ਨੇ ਲੁਟਾਂ ਖੋਹਾਂ ਕਰਨ ਵਾਲੇ ਗਿਰੋਹ ਦੇ 05 ਆਰੋਪੀਆਂ ਨੂੰ ਕੀਤਾ ਕਾਬੂ*

## *ਆਰੋਪੀਆਂ ਕੋਲੋਂ 03 ਗੱਡੀਆਂ, 15 ਗ੍ਰਾਮ ਸੋਨਾ, 06 ਮੋਬਾਈਲ ਫੋਨ ਤੇ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਵਰਤੇ ਗਏ ਹਥਿਆਰ ਵੀ ਕੀਤੇ ਬਰਾਮਦ*

Desi Punjab YouTube www.desipunjab.in





ਖੰਨਾ, 07 ਮਈ ( ਕਰਨ ਵਰਮਾ ) :- ਪੁਲਿਸ ਵੱਲੋਂ ਲੁਟੇਰਾ ਗਰੋਹ ਦੇ ਪੰਜ ਮੈਂਬਰ ਕਾਬੂ ਕੀਤੇ ਗਏ ਹਨ। ਇਹ ਗਰੋਹ ਪੁਲੀਸ ਦੀ ਵਰਦੀ ਵਿੱਚ ਵਾਰਦਾਤਾਂ ਕਰਦਾ ਸੀ। ਪੁਲਿਸ ਨੇ ਗਿਰੋਹ ਦੇ ਮੈਂਬਰਾਂ ਕੋਲੋਂ 3 ਕਾਰਾਂ, 15 ਗ੍ਰਾਮ ਸੋਨੇ ਦੇ ਗਹਿਣੇ, 6 ਮੋਬਾਈਲ, ਪੁਲਿਸ ਦੀਆਂ ਵਰਦੀਆਂ ਅਤੇ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਹਨ। ਫੜੇ ਗਏ ਪੰਜੇ ਲੁਟੇਰੇ ਮਾਛੀਵਾੜਾ ਸਾਹਿਬ ਦੇ ਰਹਿਣ ਵਾਲੇ ਹਨ। ਹੁਣ ਤੱਕ ਉਹ 11 ਵਾਰਦਾਤਾਂ ਕਬੂਲ ਕਰ ਚੁੱਕਾ ਹੈ। ਜਿਨ੍ਹਾਂ ਵਿੱਚੋਂ 9 ਵਾਰਦਾਤਾਂ ਮਾਛੀਵਾੜਾ ਸਾਹਿਬ ਅਤੇ 2 ਲੁਧਿਆਣਾ ਵਿੱਚ ਹੋਈਆਂ। ਐਸਪੀ (ਆਈ) ਡਾ: ਸੌਰਵ ਜਿੰਦਲ ਨੇ ਦੱਸਿਆ ਕਿ 1 ਮਈ ਨੂੰ ਇਸ ਗਰੋਹ ਨੇ ਵਿਜ਼ਨ-ਵੇਅ ਇਮੀਗ੍ਰੇਸ਼ਨ ਨਵਾਂਸ਼ਹਿਰ ਦੇ ਮੁਲਾਜ਼ਮ ਪਵਨਦੀਪ ਸਿੰਘ ਵਾਸੀ ਬੀਜਾ ਨੂੰ ਲੁੱਟ ਦਾ ਨਿਸ਼ਾਨਾ ਬਣਾਇਆ ਸੀ। ਜਦੋਂ ਪਵਨਦੀਪ ਆਪਣੀ ਕਾਰ 'ਚ ਜਾ ਰਿਹਾ ਸੀ ਤਾਂ ਤੜਕੇ ਕਰੀਬ 2.30 ਵਜੇ ਝੜੌਂਦੀ ਨੇੜੇ ਉਸ ਦੀ ਕਾਰ ਨਾਲ ਮਿਲ ਰਹੀ ਬਰੇਜ਼ਾ ਕਾਰ ਖੜ੍ਹੀ ਸੀ। ਬ੍ਰੀਜ਼ਾ ਵਿੱਚ 4 ਲੋਕ ਸਨ। ਕਾਰ ਚਲਾ ਰਹੇ ਲੁਟੇਰੇ ਨੇ ਆਪਣੀ ਖਿੜਕੀ ਨੀਵੀਂ ਕੀਤੀ ਅਤੇ ਪਵਨਦੀਪ ਨੂੰ ਦੱਸਿਆ ਕਿ ਕਾਰ ਦੇ ਟਾਇਰਾਂ ਦੀ ਹਵਾ ਘੱਟ ਸੀ। ਉਦੋਂ ਹੀ ਪਵਨਦੀਪ ਨੇ ਆਪਣੀ ਕਾਰ ਰੋਕ ਕੇ ਟਾਇਰ ਚੈੱਕ ਕਰਨੇ ਸ਼ੁਰੂ ਕਰ ਦਿੱਤੇ ਸਨ। ਉਦੋਂ ਹੀ ਤਿੰਨ ਲੁਟੇਰੇ ਬ੍ਰੀਜਾ 'ਚੋਂ ਬਾਹਰ ਆ ਗਏ। ਉਨ੍ਹਾਂ ਪਵਨਦੀਪ ਦੀ ਕੁੱਟਮਾਰ ਕਰਕੇ ਉਸ ਦੇ ਹੱਥੋਂ ਮੋਬਾਈਲ ਫ਼ੋਨ ਖੋਹ ਲਿਆ, ਕਾਰ ਵਿੱਚ ਪਿਆ ਮੋਬਾਈਲ ਫ਼ੋਨ, ਡੈਸ਼ ਬੋਰਡ ਤੋਂ ਪਰਸ ਅਤੇ ਡੈਬਿਟ ਕਾਰਡ ਲੁੱਟ ਲਿਆ ਅਤੇ ਫ਼ਰਾਰ ਹੋ ਗਏ। ਇਸ ਸਬੰਧੀ ਪਵਨਦੀਪ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ ਸੀ। ਮਾਛੀਵਾੜਾ ਸਾਹਿਬ ਦੇ ਐਸਐਚਓ ਭਿੰਦਰ ਸਿੰਘ ਨੇ ਆਪਣੀ ਟੀਮ ਸਮੇਤ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ। ਐਸਪੀ ਨੇ ਦੱਸਿਆ ਕਿ ਗਿਰੋਹ ਦੇ ਮੈਂਬਰਾਂ ਕੋਲੋਂ ਏਐਸਆਈ ਅਤੇ ਕਾਂਸਟੇਬਲ ਰੈਂਕ ਦੀਆਂ ਵਰਦੀਆਂ ਬਰਾਮਦ ਕੀਤੀਆਂ ਗਈਆਂ ਹਨ। ਗਰੋਹ ਦੇ ਮੈਂਬਰ ਰਾਤ ਨੂੰ ਵਰਦੀਆਂ ਪਾ ਕੇ, ਵਾਹਨਾਂ 'ਤੇ ਜਾਅਲੀ ਨੰਬਰ ਲਗਾ ਕੇ, ਪੈਦਲ ਚੱਲਣ ਵਾਲਿਆਂ ਨੂੰ ਰੋਕ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਲੁੱਟ ਦਾ ਸਾਮਾਨ ਖਰੀਦ ਕੇ ਨਸ਼ਾ ਦੇਣ ਵਾਲੇ ਵਿਅਕਤੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

# ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੇ ਅੱਠਵੀਂ ਕਲਾਸ ਦੇ 57 ਵਿਦਿਆਰਥੀਆ ਨੇ 90 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕੀਤੇ

## ਗੁਰਵੀਰ ਸਿੰਘ, ,ਸਨੇਹਾ, ਅਰਸ਼ਦੀਪ ਕੌਰ ਨੇ ਪੰਜਾਬ ਵਿੱਚੋਂ 5ਵਾਂ, 9ਵਾਂ, 11ਵਾਂ ਰੈਂਕ ਅਤੇ ਜਿਲ੍ਹੇ ਵਿੱਚੋ ਪਹਿਲੇ, ਦੂਸਰੇ, ਤੀਸਰੇ ਸਥਾਨ ਤੇ ਕਾਬਜ

Desi Punjab YouTube www.desipunjab.in



ਸਰਦੂਲਗੜ੍ਹ, 7 ਅਪ੍ਰੈਲ (ਕੁਲਵਿੰਦਰ ਕੜਵਲ) ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੇ (ਪੰਜਾਬ ਬੋਰਡ) ਅੱਠਵੀਂ ਜਮਾਤ ਦੇ ਨਤੀਜੇ ਨੇ ਪਿਛਲੇ ਸਾਲਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ ।ਅੱਠਵੀਂ ਕਲਾਸ ਦੇ ਵਿਦਿਆਰਥੀ ਗੁਰਵੀਰ ਸਿੰਘ ਨੇ 595/600 (99.17 %) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 5ਵਾਂ ਰੈਂਕ ਅਤੇ ਜਿਲ੍ਹੇ ਵਿੱਚੋਂ ਪਹਿਲਾਂ ਸਥਾਨ, ਸਨੇਹਾ ਵਿਦਿਆਰਥਣ ਨੇ 591/600 (98.5 %) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 9ਵਾਂ ਰੈਂਕ ਜਿਲ੍ਹੇ ਵਿੱਚੋਂ ਦੂਸਰਾ ਸਥਾਨ ਅਤੇ ਅਰਸ਼ਦੀਪ ਕੌਰ ਨੇ 589/600 (98.17 %) ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ 11ਵਾਂ ਅਤੇ ਜਿਲ੍ਹੇ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ ਹੈ।

ਕਲਾਸ ਦੇ ਕੁੱਲ 91 ਵਿਦਿਆਰਥੀਆ ਵਿੱਚੋਂ 27 ਵਿਦਿਆਰਥੀਆ ਨੇ 95% ਤੋਂ ਉੱਪਰ ਅੰਕ, 30 ਵਿਦਿਆਰਥੀਆ ਨੇ 90–95%, 11 ਵਿਦਿਆਰਥੀਆ ਨੇ 85–90 % ਅੰਕ ਅਤੇ 15 ਵਿਦਿਆਰਥੀਆ ਨੇ 80–85 % ਅੰਕ ਹਾਸਿਲ ਕੀਤੇ। ਵਿਗਿਆਨ ਵਿਸ਼ੇ ਦੇ 37 ਵਿਦਿਆਰਥੀਆ ਨੇ 100/100 ਅੰਕ, 14 ਨੇ 99/100, ਹਿੰਦੀ ਵਿਸ਼ੇ ਦੇ 12 ਵਿਦਿਆਰਥੀਆ ਦੇ 100/100 ਅੰਕ, 7 ਵਿਦਿਆਰਥੀਆ ਦੇ 99/100 ਅੰਕ, ਪੰਜਾਬੀ ਵਿਸ਼ੇ ਵਿੱਚੋਂ 7 ਵਿਦਿਆਰਥੀਆ ਨੇ 100/100 ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ 12 ਵਿਦਿਆਰਥੀਆ ਨੇ ਇੰਗਲਿਸ਼ , ਗਣਿਤ ਅਤੇ ਸਮਾਜਿਕ ਸਿੱਖਿਆ ਦੇ ਵਿਸ਼ਿਆ ਵਿੱਚੋਂ 99/100 ਅੰਕ ਪ੍ਰਾਪਤ ਕੀਤੇ।

ਹਿੰਦੀ ਵਿਸ਼ੇ ਦੇ 33 ਵਿਦਿਆਰਥੀਆ ਨੇ 95–98% ਅੰਕ, ਪੰਜਾਬੀ ਵਿਸ਼ੇ ਦੇ 47 ਵਿਦਿਆਰਥੀਆ ਨੇ, ਇੰਗਲਿਸ਼ ਵਿਸ਼ੇ ਦੇ 24 , ਗਣਿਤ ਵਿਸ਼ੇ ਦੇ 18, ਵਿਗਿਆਨ ਵਿਸ਼ੇ ਦੇ 13 ਅਤੇ ਸਮਾਜਿਕ ਸਿੱਖਿਆਂ ਵਿਸ਼ੇ ਦੇ 10 ਵਿਦਿਆਰਥੀਆ ਨੇ 95–98% ਤੋਂ ਉੱਪਰ ਅੰਕ ਹਾਸਿਲ ਕੀਤੇ।

ਇਸ ਸ਼ਾਨਦਾਰ ਨਤੀਜੇ ਤੇ ਖੁਸ਼ੀ ਜਾਹਿਰ ਕਰਦਿਆਂ ਸਕੂਲ ਦੇ ਪਿੰ੍ਰਸੀਪਲ ਸ੍ਰ. ਭੁਪਿੰਦਰ ਸਿੰਘ ਸੰਧੂ, ਪਿੰ੍ਰਸੀਪਲ ਪਰਮਿੰਦਰ ਕੌਰ ਸੰਧੂ , ਵਾਇਸ ਪ੍ਰਿੰਸੀਪਲ ਮਨਦੀਪ ਕੌਰ ਬਾਵਾ ਅਤੇ ਸਕੂਲ ਦੇ ਐਮ. ਡੀ. ਸ੍ਰ. ਦਿਲਮੋਹਿਤ ਸਿੰਘ ਸੰਧੂ ਨੇ ਇਸ ਸ਼ਾਨਦਾਰ ਨਤੀਜੇ ਲਈ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਥਾਣਾ ਸਿਵਲ ਲਾਈਨ ਵੱਲੋਂ ਔਰਤ ਦਾ ਪਰਸ ਕੌਣ ਵਾਲਾ ਝਪਟਮਾਰ ਕਾਬੂ

Desi Punjab YouTube www.desipunjab.in



ਅੰਮ੍ਰਿਤਸਰ (ਰਣਜੀਤ ਸਿੰਘ ਮਸੌਣ/ਕੁਸ਼ਾਲ ਸ਼ਰਮਾਂ) ਵਰਿੰਦਰ ਸਿੰਘ ਖੋਸਾ ਏ.ਸੀ.ਪੀ ਨੋਰਥ ਅੰਮ੍ਰਿਤਸਰ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮਾਣਯੋਗ ਕਮਿਸ਼ਨਰ ਪੁਲਿਸ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਚੋਰੀ ਲੁੱਟਾਂ/ਖੋਹਾਂ ਦੇ ਖਿਲਾਫ਼ ਚਲਾਈ ਗਈ ਮੁਹਿੰਮ ਤਹਿਤ ਪ੍ਰਭਜੋਤ ਸਿੰਘ ਵਿਰਕ ਏ.ਡੀ.ਸੀ.ਪੀ ਸਿਟੀ-2 ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ ਤੇ ਉਹਨਾਂ ਦੀ ਨਿਗਰਾਨੀ ਹੇਠ ਇੰਸਪੈਕਟਰ ਜਸਵੀਰ ਸਿੰਘ ਮੁੱਖ ਅਫ਼ਸਰ ਥਾਣਾ ਸਿਵਲ ਲਾਈਨਜ ਦੀ ਟੀਮ ਵੱਲੋਂ ਇੱਕ ਝਪਟਮਾਰ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸ਼ਿਲ ਹੋਈ ਹੈ।

ਗੋਲਡੀ ਏ.ਸੀ ਰਿਪੇਅਰ ਦੀ ਦੁਕਾਨ ਨਾਲ ਲਗਦੀ ਚਾਹ ਵਾਲੀ ਦੁਕਾਨ ਤੇ ਇੱਕ ਔਰਤ ਜੋ ਸਟੂਲ ਤੇ ਬੈਠੀ ਹੋਈ ਸੀ, ਉਸ ਪਾਸੋਂ ਉਸਦਾ ਪਰਸ ਖੋਹ ਕੀਤਾ ਸੀ।

ਜਿਸ ਤੇ ਥਾਣਾ ਸਿਵਲ ਲਾਈਨ ਵਿਖੇ ਮੁਕੱਦਮਾਂ ਨੰਬਰ 72 ਮਿਤੀ 5-5-2024 ਜੁਰਮ 379-ਬੀ,473 ਭ.ਦ, ਥਾਣਾ ਸਿਵਲ ਲਾਈਨਜ, ਅੰਮ੍ਰਿਤਸਰ ਵਿੱਚ ਦਰਜ਼ ਕਰਕੇ ਮੁਕੱਦਮੇਂ ਦੀ ਹਰ ਪਹਿਲੂ ਤੋਂ ਜਾਂਚ ਕਰਨ ਤੇ ਏ.ਐਸ.ਆਈ ਬਲਵਿੰਦਰ ਸਿੰਘ ਸਮੇਤ ਸਾਥੀ ਕਰਮਚਾਰੀਆ ਵੱਲੋਂ ਔਰਤ ਦਾ ਪਰਸ ਖੋਹਣ ਵਾਲੇ ਮੁਲਜ਼ਮ ਅੰਮ੍ਰਿਤਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਸੁਤਲਾਨਵਿੰਡ ਲਿੰਕ ਰੋਡ, ਅੰਮ੍ਰਿਤਸਰ ਨੂੰ ਮਿਤੀ 6-5-2024 ਨੂੰ ਵਾਰਦਾਤ ਵਿੱਚ ਵਰਤਿਆਂ ਗਿਆ ਮੋਟਰਸਾਇਕਲ ਪਲਟੀਨਾ ਰੰਗ ਕਾਲਾ PBO2-EJ-5729 ਸਮੇਤ ਗ੍ਰਿਫ਼ਤਾਰ ਕੀਤਾ ਗਿਆ ਤੇ ਇਸ ਪਾਸੋਂ ਇੱਕ ਖੋਂਹਸ਼ੁਦਾ ਪਰਸ ਲੇਡੀਜ਼ ਰੰਗ ਬਰਾਉਨ, ਚਾਰਜਰ, 2500/- ਰੁਪਏ ਭਾਰਤੀ ਕਰੰਸੀ, ਬ੍ਰਾਮਦ ਕੀਤੇ ਗਏ। ਦੋਸ਼ੀ ਅੰਮ੍ਰਿਤਪਾਲ ਸਿੰਘ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸ਼ਲ ਕਰਕੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਕਿਸਨੇ ਵਾਅਦੇ ਕੀਤੇ ਤੇ ਕਿਸ ਨੇ ਨਿਭਾਏ, ਇਹ ਸਮਝਦਾਰ ਜਨਤਾ ਆਪੇ ਫੈਸਲਾ ਕਰੇ:- ਵਿਧਾਇਕ ਸੌਂਦ

### ਵਾਰਡ 19 ਵਿੱਚ ਵਿਧਾਇਕ ਸੌਂਦ ਨੇ ਇੱਕ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ 'ਆਪ' ਦੇ ਹੱਕ ਵਿੱਚ ਵੋਟਾਂ ਮੰਗੀਆਂ।



ਖੰਨਾ, 7 ਮਈ ( ਕਰਨ ਵਰਮਾ ) :- ਅਜ਼ਾਦੀ ਤੋਂ ਲੈ ਕੇ ਅੱਜ ਤੱਕ ਦੇਸ਼ 'ਤੇ ਵੱਖ-ਵੱਖ ਸਰਕਾਰਾਂ ਨੇ ਰਾਜ ਕੀਤਾ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਯਾਦ ਨਹੀਂ ਕੀਤੇ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਦੀ ਪਹਿਲੀ ਸਰਕਾਰ ਬਣੀ ਹੈ, ਜਿਸ ਨੇ ਇਕ ਵੀ ਬਰਬਾਦ ਨਹੀਂ ਕੀਤਾ | ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੇ ਦਿਨ ਉਨ੍ਹਾਂ ਨੇ ਆਪਣੇ ਚੋਣ ਵਾਅਦਿਆਂ ਨੂੰ ਲਾਗੂ ਕੀਤਾ, ਜਿਸ ਦੀਆਂ ਜਿਉਂਦੀਆਂ ਜਾਗਦੀਆਂ ਉਦਾਹਰਣਾਂ ਹਨ ਮੁਫ਼ਤ ਬਿਜਲੀ, ਸਕੂਲਾਂ ਦਾ ਸੁੰਦਰੀਕਰਨ, ਵੱਖ-ਵੱਖ ਥਾਵਾਂ 'ਤੇ ਖੋਲ੍ਹੇ ਜਾ ਰਹੇ ਮੁਹੱਲਾ ਕਲੀਨਿਕ ਅਤੇ ਸਿਰਫ਼ ਦੋ ਸਾਲਾਂ ਦੇ ਅੰਦਰ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਜੋ ਕਿ ਆਮ ਆਦਮੀ ਪਾਰਟੀ ਦੀ ਜਨਤਾ ਦੀ ਸੇਵਾ ਪ੍ਰਤੀ ਸਾਫ ਨੀਅਤ ਦਾ ਸਬੂਤ ਹੈ, ਇਹ ਗੱਲਾਂ ਉਨ੍ਹਾਂ ਸਥਾਨਕ ਵਾਰਡ ਨੰਬਰ 19 ਦੇ ਸ਼ਮਸ਼ਾਨਘਾਟ ਰੋਡ 'ਤੇ ਸਥਿਤ ਆਨੰਦ ਨਗਰ ਦੇ ਸਾਹਮਣੇ ਆਯੋਜਿਤ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰਦਿਆਂ ਕਹੀਆਂ। ਇਸ ਮੌਕੇ ਵਿਧਾਇਕ ਸੌਂਦ ਨੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਲੋਕ ਸਭਾ ਸ੍ਰੀ ਫਤਹਿਗੜ੍ਹ ਸਾਹਿਬ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ, 'ਆਪ' ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ ਕਿਉਂਕਿ ਇਹ ਲੋਕਾਂ ਦੇ ਸੰਘਰਸ਼ ਕਰਕੇ ਹੋਂਦ ਵਿੱਚ ਆਈ ਹੈ। ਪਿਛਲੀਆਂ ਸਰਕਾਰਾਂ ਨੇ। ਇਸੇ ਲਈ ਆਮ ਆਦਮੀ ਪਾਰਟੀ ਹਰ ਗਰੀਬ ਅਤੇ ਲੋੜਵੰਦ ਦਾ ਦਰਦ ਜਾਣਦੀ ਹੈ। ਪ੍ਰਾਈਵੇਟ ਕੰਪਨੀ ਅਤੇ ਆਮ ਆਦਮੀ ਪਾਰਟੀ ਵਰਗੀਆਂ ਸ਼ਾਹੀ ਲੀਡਰਾਂ ਦੁਆਰਾ ਚਲਾਈਆਂ ਸਰਕਾਰਾਂ ਵਿੱਚ ਇਹੋ ਫਰਕ ਹੈ ਕਿਉਂਕਿ 'ਆਪ' ਨਾਲ ਜੁੜਿਆ ਹਰ ਵੋਟਰ, ਖਿਡਾਰੀ ਅਤੇ ਹਰ ਵਰਕਰ ਜ਼ਮੀਨੀ ਪੱਧਰ ਨਾਲ ਜੁੜਿਆ ਹੋਇਆ ਹੈ। ਵਿਧਾਇਕ ਸੌਂਦ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਆਪ ਦੇ ਲੋਕ ਸਭਾ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ.ਨੂੰ ਭਾਰੀ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਲਈ ਚੁਣਿਆ ਜਾਵੇ ਤਾਂ ਜੋ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕੇ।

ਜਨ ਸਭਾ ਵਿੱਚ ਅੰਮ੍ਰਿਤ ਸਿੰਘ, ਸਤਨਾਮ ਸਿੰਘ, ਚਰਨਜੀਤ ਸਿੰਘ, ਬੇਅੰਤ ਸਿੰਘ, ਗੁਰਦੀਪ ਸਿੰਘ, ਵਿਨੀਤ, ਮੋਲਕੀ, ਲਵੀਸ਼, ਮਨਪ੍ਰੀਤ ਸਿੰਘ, ਜਸਵਿੰਦਰ ਸਿੰਘ, ਬਿੱਕਰ ਸਿੰਘ, ਹਰੀਸ਼ ਸ਼ਰਮਾ, ਨਰਿੰਦਰ ਨੰਦਾ ਸਮੇਤ 'ਆਪ' ਆਗੂ ਕਰਮਚੰਦ ਸ਼ਰਮਾ, ਕੌਂਸਲਰ ਸੁਰਿੰਦਰ ਬਾਵਾ। , ਬਲਾਕ ਇੰਚਾਰਜ ਐਡਵੋਕੇਟ ਵੀਨਾ ਗੁਲਾਟੀ, ਐਡਵੋਕੇਟ ਅਸ਼ੀਸ਼ ਸਚਦੇਵਾ, ਅਵਤਾਰ ਸਿੰਘ ਮਾਨ, ਮਨੂੰ ਮਨੋਚਾ, ਪੀਏ ਮਹੇਸ਼ ਕੁਮਾਰ, ਗੁਰਸੀਰਤ ਸਿੰਘ ਬਾਦਸ਼ਾਹ, ਹਰਪ੍ਰੀਤ ਲਾਂਬਾ ਬੇਵੀ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਪਿੰਡ ਬਘੌਰਾ ਦੇ ਕਈ ਪਰਿਵਾਰ ਅਕਾਲੀ ਕਾਂਗਰਸ ਨੂੰ ਛੱਡ ਹੋਏ ਆਪ 'ਚ ਸਾਮਿਲ

### ਸੂਬੇ ਦੇ ਸਰਵਪੱਖੀ ਵਿਕਾਸ ਦੇ ਏਜੰਡੇ 'ਤੇ ਕੰਮ ਕਰ ਰਹੀ ਮਾਨ ਸਰਕਾਰ: ਗੁਰਲਾਲ ਘਨੌਰ



ਰਾਜਪੁਰਾ/ਘਨੌਰ, 07 ਮਈ (ਹਿਮਾਂਸ਼ੂ ਹੈਰੀ): ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਦੇ ਏਜੰਡੇ 'ਤੇ ਕੰਮ ਕਰਨ ਨੂੰ ਤਰਜੀਹ ਦੇ ਰਹੀ ਹੈ,ਜਦ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜ ਦੇ ਹਰ ਵਰਗ ਦੀ ਭਲਾਈ ਲਈ ਯੋਗ ਫੈਸਲੇ ਲਏ ਹਨ।ਜਿਨ੍ਹਾਂ ਵਿੱਚ 600 ਯੂਨਿਟ ਬਿਜਲੀ ਮੁਆਫੀ, ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ, ਸਰਕਾਰ ਤੁਹਾਡੇ ਦੁਆਰ ਅਤੇ ਹੋਰ ਕੋਈ ਪਹਿਲਕਦਮੀਆਂ ਰਾਜ ਦੇ ਲੋਕਾ ਲਈ ਵਰਦਾਨ ਸਾਬਿਤ ਹੋਈਆ ਹਨ।ਜਿਸ ਕਰਕੇ ਲੋਕਾਂ ਦਾ ਰੁਝਾਨ ਆਮ ਆਦਮੀ ਪਾਰਟੀ ਵੱਲ ਵਧਿਆ ਹੈ।

ਉਪਰੋਕਤ ਵਿਚਾਰਾ ਦਾ ਪ੍ਰਗਟਾਵਾ ਹਲਕਾ ਘਨੌਰ ਐਮ ਐਲ ਏ ਗੁਰਲਾਲ ਘਨੌਰ ਨੇ ਪਿੰਡ ਬਘੌਰਾ ਵਿਖੇ ਰੱਖੀ ਇਕ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੀਤਾ। ਗੁਰਲਾਲ ਘਨੌਰ ਨੇ ਦੱਸਿਆ ਕਿ ਮਾਨ ਸਰਕਾਰ ਦੇ ਲੋਕ ਹਿਤੈਸ਼ੀ ਫ਼ੈਸਲਿਆਂ ਅਤੇ ਚੰਗੇ ਕੰਮਾ ਤੇ ਪ੍ਰਭਾਵਿਤ ਹੋ ਕੇ ਪਿੰਡ ਬਘੌਰਾ ਦੇ ਵੱਡੀ ਗਿਣਤੀ ਵਿਚ ਪਰਿਵਾਰ ਅਕਾਲੀ ਅਤੇ ਕਾਂਗਰਸ ਨੂੰ ਛੱਡ ਕੇ ਆਪ ਵਿਚ ਸ਼ਾਮਿਲ ਹੋਏ ਹਨ। ਉਨ੍ਹਾਂ ਦੱਸਿਆ ਕਿ ਸਰੋਮਣੀ ਅਕਾਲੀ ਦਲ ਦੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸਰਬਜੀਤ ਸਿੰਘ ਬਘੋਰਾ ਸਮੇਤ ਨਿਰੰਜਨ ਸਿੰਘ ਰਿਟਾਇਰ ਸੈਕਟਰੀ, ਕਸ਼ਮੀਰ ਸਿੰਘ ਹੰਜਰਾ, ਡਾ ਗੁਰਚਰਨ ਸਿੰਘ, ਕਰਨਵੀਰ ਸਿੰਘ ਭਿੰਡਰ,ਸਰਬਜੀਤ ਸਿੰਘ ਸੇਖੋ, ਮਹਿੰਦਰ ਸਿੰਘ ਭਗਤ, ਅਮਨਦੀਪ ਸਿੰਘ, ਅਮਰਿੰਦਰ ਸਿੰਘ ਮ,ਰਾਮ ਚੰਦਰ ਮ,ਬਲਕਾਰ ਸਿੰਘ, ਕਰਮਜੀਤ ਸਿੰਘ ਲਾਡੂ, ਜੀਵਨ ਸਿੰਘ, ਅੰਮ੍ਰਿਤਪਾਲ ਸਿੰਘ, ਅੰਗਰੇਜ ਸਿੰਘ, ਨੈਬ ਸਿੰਘ, ਸਿੰਦਰ ਸਿੰਘ,ਬਲਵਿੰਦਰ ਸਿੰਘ ਸੱਗੂ, ਅਵਤਾਰ ਸਿੰਘ ਸੱਗੂ ,ਜਸਪਾਲ ਸਿੰਘ ਮ,ਪਰਗਟ ਸਿੰਘ, ਬਚਿੱਤਰ ਸਿੰਘ ਨਾਲ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ।ਇਸ ਮੌਕੇ ਗੁਰਲਾਲ ਘਨੌਰ ਨੇ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਸਮੂਹ ਪਰਿਵਾਰਾਂ ਦਾ ਪਾਰਟੀ ਚਿੰਨ ਨਾਲ ਸਨਮਾਨ ਵੀ ਕੀਤਾ।ਇਸ ਮੌਕੇ ਗੁਰਲਾਲ ਘਨੌਰ ਨੇ ਦੱਸਿਆ ਕਿ ਉਹ ਹਲਕੇ ਵਿੱਚ ਪਰਿਵਾਰ ਭਲਾਈ ਅਤੇ ਸਿਹਤ ਮੰਤਰੀ ਪੰਜਾਬ ਅਤੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਉਮੀਦਵਾਰ ਡਾ ਬਲਬੀਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਹਲਕੇ ਚ ਕੁੱਕੜ ਮੀਟਿੰਗ ਕਰ ਰਹੇ ਹਨ ਜਿਨ੍ਹਾਂ ਨੂੰ ਲੋਕਾ ਵੱਲੋ ਭਰਵਾ ਹੁੰਗਾਰਾ ਦਿੱਤਾ ਜਾ ਰਿਹਾ ਹੈ।ਇਸ ਮੌਕੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸਰਬਜੀਤ ਸਿੰਘ ਬਘੋਰਾ ਨੇ ਕਿਹਾ ਕਿ ਵਿਕਾਸ ਕਾਰਜਾ ਪੱਖੋਂ ਹਲਕਾ ਘਨੌਰ ਦੀ ਕਾਇਆ ਕਲਪ ਕਰਨ ਲਈ ਜਿਥੇ ਐਮ ਐਲ ਏ ਗੁਰਲਾਲ ਘਨੌਰ ਯਤਨਸ਼ੀਲ ਹਨ,

ਉਥੇ ਹਲਕਾ ਘਨੌਰ ਦੇ ਨੋਜਵਾਨ ਵਰਗ ਦੀਆ ਗੁਰਲਾਲ ਘਨੌਰ ਨੇ ਖੇਡਾ ਵੱਲ ਮੁਹਾਰਾ ਮੋੜ ਕੇ ਨੋਜਵਾਨਾਂ ਦੇ ਭਵਿੱਖ ਨੂੰ ਸਵਾਰਿਆ ਹੈ।

ਉਨ੍ਹਾਂ ਐਮ ਐਲ ਏ ਗੁਰਲਾਲ ਘਨੌਰ ਨੂੰ ਪੂਰਨ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਉਹ ਮਾਨ ਸਰਕਾਰ ਦੀਆ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਣ ਲਈ ਵਚਨਬੱਧ ਹਨ।

ਗੁਰਲਾਲ ਘਨੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪਿੰਡ ਸੀਲ, ਨਾਸਿਰਪੁਰ, ਬਾਗੋਰਾ, ਘਨੌਰ 7 ਵਾਰਡ, ਲੋਸਿੰਬਲੀ, ਸਰਾਲਾ ਕਲਾ, ਸਰਾਲਾ ਖੁਰਦ ਵਿਖੇ ਵੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ।ਹੋਰਨਾ ਤੋਂ ਇਲਾਵਾ ਕਮਲਜੀਤ ਸਿੰਘ ਬਘੋਰਾ,ਦਵਿੰਦਰ ਸਿੰਘ ਭੰਗੂ, ਗੁਰਤਾਜ ਸੰਧੂ, ਗੁਰਪ੍ਰੀਤ ਸਿੰਘ ਮੰਨਣ,ਪੰਮਾ ਘਨੌਰ, ਅਸ਼ਵਨੀ ਸ਼ਰਮਾ ਘਨੌਰ, ਕੁਲਵੰਤ ਸਿੰਘ ਕੋਚ, ਹਰਚਰਨ ਸਿੰਘ ਸੋਟਾ ਸਮੇਤ ਪਿੰਡ ਵਾਸੀ ਅਤੇ ਪਾਰਟੀ ਵਲੰਟੀਅਰ ਤੇ ਅਹੁਦੇਦਾਰ ਮੌਜੂਦ ਸਨ।

## ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤੱਕ 123.81 ਕਣਕ ਦੀ ਆਮਦ

ਜੈਤੋ,7 ਮਈ (ਪਰਾਸ਼ਰ): ਹਾੜ੍ਹੀ ਸੀਜਨ 2024-25 ਦੌਰਾਨ ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ ਪੁੱਜੀ ਕਣਕ ਦੀ ਲਗਭਗ ਸੋ ਫੀਸਦੀ ਖਰੀਦ ਹੋ ਚੁੱਕੀ ਹੈ ਅਤੇ ਅਗਾਹਾਂ ਵੀ ਮੰਡੀਆਂ ਵਿੱਚ ਆਉਣ ਵਾਲੀ ਕਣਕ ਦੀ ਖਰੀਦ ਨੂੰ ਤੁਰੰਤ ਨੇਪਰੇ ਚਾੜ੍ਹਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਮੰਡੀਆਂ ਵਿੱਚ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਮਗਰੋ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਹੁਣ ਤੱਕ 123.81 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 123.26 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾੜ੍ਹੀ ਸੀਜ਼ਨ 2024-25 ਦੌਰਾਨ 30,077 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਵਿੱਚੋਂ ਹੁਣ ਤੱਕ ਕਿਸਾਨਾਂ ਨੂੰ 25387.8 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਸੁਵਿਧਾਵਾਂ ਨੂੰ ਮੁੱਖ ਰੱਖਦੇ ਹੋਏ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਨੇਪੜੇ ਚੜ੍ਹਨ ਦੇ ਲਈ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਇਸੇ ਦਾ ਨਤੀਜਾ ਹੈ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜ ਨੂੰ ਬਿਨਾਂ ਕਿਸੇ ਸਮੱਸਿਆ ਤੋਂ ਪੂਰਾ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਉਹਨਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਮੰਡੀਆਂ ਵਿੱਚ ਚੈਕਿੰਗਾਂ ਵੀ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਹਰ ਵੇਲੇ ਖੜ੍ਹੀ ਹੈ ਅਤੇ ਉਹਨਾਂ ਦੀ ਬਿਹਤਰੀ ਅਤੇ ਚੰਗੇ ਭਵਿੱਖ ਦੇ ਲਈ ਵਚਨਬਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਤੇ ਮਾਰਕਿਟ ਕਮੇਟੀਆਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਦਿਨ-ਰਾਤ ਜੀ-ਜਾਨ ਲਗਾ ਕੇ ਪੂਰੀ ਤਨਦੇਹੀ ਨਾਲ ਕੰਮ ਕੀਤੇ ਗਏ ਹਨ, ਤਾਂ ਹੀ ਇਨ੍ਹਾਂ ਵੱਡਾ ਕੰਮ ਬਹੁਤ ਹੀ ਥੌੜ੍ਹੇ ਸਮੇਂ ਵਿੱਚ ਨਿਰਵਿਘਨ ਨੇਪਰੇ ਚੜ੍ਹ ਸਕਿਆ ਹੈ, ਜਿਸ ਨਾਲ ਕਿਸਾਨਾਂ, ਮਜਦੂਰਾਂ ਅਤੇ ਆੜ੍ਹਤੀਆਂ ਨੂੰ ਮੰਡੀਆਂ ਵਿੱਚ ਸਹੂਲਤਾਂ ਦਿੱਤੀਆ ਜਾ ਸਕਿਆ ਅਤੇ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮੇਂ ਜਿਵੇਂ ਪਨਸਪ, ਮਾਰਫੈਡ, ਪਨਗ੍ਰੇਨ, ਵੇਅਰ ਹਾਉਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵੀ ਇਸ ਕੰਮ ਨੂੰ ਨੇਪਰੇ ਚਾੜ੍ਹਣ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ। ਜਿਸਦੇ ਲਈ ਇਹ ਸਭ ਧੰਨਵਾਦ ਦੇ ਪਾਤਰ ਹਨ। ਚੇਅਰਮੈਨ ਨੇ ਕਿਹਾ ਕਿ ਸਭ ਤੋਂ ਵੱਡਾ ਧੰਨਵਾਦ ਉਸ ਪ੍ਰਮਾਤਮਾ ਦਾ ਹੈ, ਜਿਸ ਵੱਲੋਂ ਮਾੜੀਆਂ-ਮੋਟਿਆ ਔਕੜਾ ਤੋਂ ਇਲਾਵਾ ਓਵਰਆਲ ਚੰਗਾ ਮੌਸਮ ਪ੍ਰਦਾਨ ਕੀਤਾ ਗਿਆ। ਬਰਸਟ ਨੇ ਅੱਗੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀਆਂ 1907 ਪੱਕੀਆਂ ਮੰਡੀਆਂ ਅਤੇ 826 ਆਰਜੀ ਖਰੀਦ ਕੇਂਦਰਾਂ ਵਿੱਚ ਹੁਣ ਤੱਕ 123.81 ਲੱਖ ਮੀਟ੍ਰਿਕ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 123.26 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਵਿੱਚੋਂ 116.46 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਅਤੇ 6.80 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚੋਂ 74.17 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ। ਬੀਤੇ ਦਿਨੀਂ ਮੰਡੀਆਂ ਵਿੱਚ 1.80 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਦਕਿ 1.98 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਪੰਜਾਬ ਵਿੱਚ ਹੁਣ ਤੱਕ ਸੰਗਰੂਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਕਣਕ ਦੀ ਆਮਦ ਅਤੇ ਖਰੀਦ ਹੋਈ ਹੈ। ਇੱਥੇ 1198029 ਮੀਟ੍ਰਿਕ ਟਨ ਕਣਕ ਦੀ ਖਰੀਦ ਸਰਕਾਰੀ ਅਤੇ ਪ੍ਰਾਈਵੇਟ ਪੱਧਰ ਤੇ ਕੀਤੀ ਗਈ ਹੈ, ਜਦਕਿ ਦੂਜੇ ਨੰਬਰ ਪਟਿਆਲਾ ਵਿੱਚ 925382 ਮੀਟ੍ਰਿਕ ਟਨ ਅਤੇ ਤੀਜੇ ਨੰਬਰ ਤੇ ਫਿਰੋਜਪੁਰ ਵਿੱਚ 847242 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।

## ਬਾਬਾ ਗਧੀਆ 'ਚ ਕਰਵਾਇਆ ਆਲ ਓਪਨ ਤੀਸਰਾ ਡੇ ਨਾਈਟ ਕ੍ਰਿਕਟ ਟੂਰਨਾਮੈਂਟ



ਫਗਵਾੜਾ 7 ਮਈ (ਸ਼ਿਵ ਕੋੜਾ) ਫਗਵਾੜਾ ਦੇ ਬਾਬਾ ਗਧੀਆ ਸਥਿਤ ਦੁਸਹਿਰਾ ਗਰਾਊਂਡ ਵਿਖੇ ਤੀਸਰਾ ਆਲ ਓਪਨ ਡੇ-ਨਾਈਟ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਕੁੱਲ 32 ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦਾ ਫਾਈਨਲ ਮੈਚ ਨਕੋਦਰ ਅਤੇ ਮੇਹਲੀ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿਚ ਨਕੋਦਰ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 31 ਹਜ਼ਾਰ ਰੁਪਏ ਦਾ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਉਪ ਜੇਤੂ ਟੀਮ ਨੂੰ ਵੀ 11,000 ਰੁਪਏ ਨਗਦ ਅਤੇ ਟਰਾਫੀ ਦਿੱਤੀ ਗਈ। ਖੇਡ ਟੂਰਨਾਮੈਂਟ ਦੇ ਆਖਰੀ ਦਿਨ ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਟਾਸ ਦੇ ਨਾਲ ਫਾਈਨਲ ਮੈਚ ਦੀ ਸ਼ੁਰੂਆਤ ਕਰਵਾਈ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਦੇ ਹੋਏ ਆਪਣੇ ਸੰਬੋਧਨ ਵਿਚ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਲਾਇਨ ਆਸ਼ੂ ਮਾਰਕੰਡਾ ਨੇ ਕਿਹਾ ਕਿ ਅੱਜ ਭਾਰਤ ਵਿੱਚ ਕ੍ਰਿਕਟ ਸਭ ਤੋਂ ਵੱਧ ਪ੍ਰਸਿੱਧ ਖੇਡ ਹੈ। ਖਾਸ ਤੌਰ ਤੇ ਟੀ-20 ਆਈ.ਪੀ.ਐੱਲ. ਦੀ ਸ਼ੁਰੂਆਤ ਤੋਂ ਬਾਅਦ, ਨੌਜਵਾਨਾਂ ਲਈ ਕ੍ਰਿਕਟ ਵਿੱਚ ਕਰੀਅਰ ਬਣਾਉਣਾ ਪਹਿਲਾਂ ਨਾਲੋਂ ਬਹੁਤ ਆਸਾਨ ਹੋ ਗਿਆ ਹੈ। ਪ੍ਰਤਿਭਾਸ਼ਾਲੀ ਨੌਜਵਾਨ ਕ੍ਰਿਕਟ ਵਿੱਚ ਕਰੀਅਰ ਬਣਾ ਕੇ ਨਾਮ ਅਤੇ ਪੈਸਾ ਕਮਾ ਸਕਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਪੂਰੀ ਲਗਨ ਨਾਲ ਖੇਡਦਿਆਂ ਆਪਣੇ ਟੀਚੇ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰਬੰਧਕਾਂ ਵਿਤਿਨ ਪੁਰੀ, ਅਜੇ ਪਾਠਕ, ਵਿਨੇ ਕੌਸ਼ਲ, ਜਿੰਮੀ ਕਰਵਲ ਆਦਿ ਵੱਲੋਂ ਲਾਇਨ ਆਸ਼ੂ ਮਾਰਕੰਡਾ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼ਿਵ ਸੈਨਾ ਪੰਜਾਬ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਇੰਦਰਜੀਤ ਕਰਵਲ, ਰਾਹੁਲ ਕਰਵਲ, ਅਕਸ਼ੇ ਕਰਵਲ, ਵਿਨੇ ਸ਼ਰਮਾ ਤੋਂ ਇਲਾਵਾ ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ, ਲਾਇਨ ਜੁਗਲ ਬਵੇਜਾ, ਲਾਇਨ ਸੁਮਿਤ ਭੰਡਾਰੀ, ਵਿਜੇ ਅਰੋੜਾ, ਚਿਰਾਗ ਮਾਰਕੰਡਾ ਅਤੇ ਵੱਡੀ ਗਿਣਤੀ ਵਿੱਚ ਕ੍ਰਿਕਟ ਪ੍ਰੇਮੀ ਤੇ ਪਤਵੰਤੇ ਹਾਜ਼ਰ ਸਨ।

## ਲੋਕ ਸਭਾ ਚੋਣਾਂ 'ਚ ਪੰਜਾਬ ਵਾਸੀ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਲਗਾਉਣਗੇ ਮੋਹਰ : ਰਾਜਬੀਰ ਕੌਰ ਕਲਸੀ



ਬਟਾਲਾ, 7 ਮਈ :(ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਹੱਕ 'ਚ ਸਥਾਨਕ ਵਾਰਡ ਨੰ. 19 ਕਾਹਨੂੰਵਾਨ ਰੋਡ ਬਟਾਲਾ ਵਿਖੇ ਅਨੂ ਸਰਮਾ ਵੱਲੋਂ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ 'ਚ ਇਲਾਕਾ ਵਾਸੀਆਂ ਅਤੇ ਆਪ ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਅਮਨਸੇਰ ਸਿੰਘ ਸੈਰੀ ਕਲਸੀ ਦੀ ਧਰਮ ਪਤਨੀ ਰਾਜਬੀਰ ਕੌਰ ਕਲਸੀ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ ਅਤੇ ਲੋਕਾਂ ਨੂੰ ਆਪ ਪਾਰਟੀ ਦੀਆਂ ਨੀਤੀਆਂ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਸੰਬੋਧਨ ਕਰਦਿਆਂ ਰਾਜਬੀਰ ਕੌਰ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਜਿੱਥੇ ਵਿਕਾਸ ਪੱਖੋਂ ਸੂਬੇ ਦੇ ਪਿੰਡਾਂ ਅਤੇ ਸਹਿਰਾਂ ਦੀ ਨੁਹਾਰ ਬਦਲੀ ਹੈ, ਉੱਥੇ ਨਾਲ ਹੀ ਹਰ ਵਰਗ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਸੈਰੀ ਕਲਸੀ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਜਿੱਥੇ ਹਲਕਾ ਬਟਾਲਾ ਦਾ ਰਿਕਾਰਡਤੋੜ ਵਿਕਾਸ ਕਰਵਾਇਆ ਹੈ, ਉੱਥੇ ਹੀ ਉਨ੍ਹਾਂ ਨੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਹੁਣ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਨੂੰ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਐਲਾਨ ਕੇ ਬਟਾਲਾ ਵਾਸੀਆਂ ਦਾ ਮਾਣ ਵਧਿਆ ਹੈ ਕਿਉਂਕਿ ਵਿਧਾਇਕ ਸੈਰੀ ਕਲਸੀ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਲੋਕਾਂ ਦੀਆਂ ਮੰਗਾਂ ਅਤੇ ਮੁਸਕਿਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਜੇਕਰ ਲੋਕ ਉਨ੍ਹਾਂ ਨੂੰ ਵੋਟਾਂ ਪਾ ਕੇ ਲੋਕ ਸਭਾ ਹਲਕਾ ਗੁਰਦਾਸਪੁਰ ਦੀ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਉਹ ਲੋਕਾਂ ਦੀ ਅਵਾਜ ਬਣ ਕੇ ਲੋਕ ਸਭਾ 'ਚ ਲੋਕ ਸਭਾ ਹਲਕੇ ਦੇ ਵਿਕਾਸ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ ਅਤੇ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਮੋਹਰ ਲਗਾਉਣਗੇ। ਇਸ ਮੌਕੇ ਸੁਖਦੇਵ ਧੁੱਪਸੜੀ, ਵੀਨੂੰ ਕਾਹਲੋਂ, ਵਿਜੇ ਪ੍ਰਭਾਕਰ, ਕੌਂਸਲਰ ਬਲਵਿੰਦਰ ਸਿੰਘ ਮਿੰਟਾ, ਕੌਂਸਲਰ ਸਰਦੂਲ ਸਿੰਘ ਆਦਿ ਹਾਜਰ ਸਨ।

## ਰੈਸਟੋਰੈਂਟ ਦਾ ਸੰਚਾਲਕ ਹੁੱਕੇ ਤੇ ਹੁੱਕਿਆ ਦੇ ਫਲੇਵਰ ਅਤੇ ਤੰਬਾਕੂ ਸਮੇਤ ਕਾਬੂ



ਅੰਮ੍ਰਿਤਸਰ (ਰਣਜੀਤ ਸਿੰਘ ਮਸੌਣ) ਇੰਸਪੈਕਟਰ ਰਾਜੇਸ ਸ਼ਰਮਾਂ, ਇੰਚਾਰਜ਼ ਸੀ.ਆਈ.ਏ.ਸਟਾਫ਼-2 ਅੰਮ੍ਰਿਤਸਰ ਦੀ ਨਿਗਰਾਨੀ ਹੇਠ ਐਸ.ਆਈ ਰਾਜਮਹਿੰਦਰ ਸਿੰਘ ਸਮੇਤ ਸਾਥੀ ਕਰਮਚਾਰੀਆਂ ਵੱਲੋਂ ਗਸ਼ਤ ਦੌਰਾਨ ਨਾਵਲਟੀ ਚੌਂਕ, ਲਾਰੰਸ ਰੋਡ, ਅੰਮ੍ਰਿਤਸਰ ਹਾਜ਼ਰ ਸਨ ਤਾਂ ਉਹਨਾਂ ਨੂੰ ਸੂਚਨਾਂ ਮਿਲੀ ਕਿ ਲਵ-ਐਂਡ-ਬਾਈਟ 2.0 ਰੈਸਟੋਰੈਂਟ ਦਾ ਮਾਲਕ ਆਪਣੇ ਗਾਹਕਾਂ ਨੂੰ ਹੁਕੇ ਸ਼ਰੇਆਮ ਸਰਵ ਕਰਦਾ ਹੈ। ਜੋ ਪੁਖਤਾਂ ਸੂਚਨਾਂ ਦੇ ਅਧਾਰ ਤੇ ਪੁਲਿਸ ਪਾਰਟੀ ਵੱਲੋਂ ਯੋਜ਼ਨਾਂਬੰਧ ਤਰੀਕੇ ਨਾਲ ਰੈਸਟੋਰੇਟ ਤੇ ਰੇਡ ਕੀਤਾ ਅਤੇ ਰੈਸਟਰੋਰੇਟ ਦੇ ਸੰਚਾਲਕ ਅਮਨ ਚੋਰੱਸੀਆ ਪੁੱਤਰ ਸੰਤ ਕੁਮਾਰ ਵਾਸੀ ਬੋਹੜ ਵਾਲਾ ਸ਼ਿਵਾਲਾ, ਗੋਕਲ ਵਿਹਾਰ, ਬਟਾਲਾ ਰੋਡ, ਅੰਮ੍ਰਿਤਸਰ ਨੂੰ ਕਾਬੂ ਕਰਕੇ ਇਸ ਪਾਸੋਂ ਹੁੱਕੇ ਅਤੇ ਹੁੱਕਿਆ ਦੇ ਫਲੇਵਰ ਅਤੇ ਤੰਬਾਕੂ ਬ੍ਰਾਮਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਇਸ ਤੇ ਮੁਕੱਦਮਾਂ ਨੰਬਰ 75 ਮਿਤੀ 7-5-2024 ਜੁਰਮ 6/7/20/24 THE CIGARETTES AND OTHER TABACOO PRODUCTS (PROHIBITION OF ADVERTISEMENT AND REGULATION OF TRACE AND COMMERCE PRODUCTION SUPPLY AND DISTRIBUTION ) ACT 2003, ਥਾਣਾ ਸਿਵਲ ਲਾਈਨ, ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ।

## ਜਿਲ੍ਹਾ ਜੁਇੰਟ ਸੈਕਟਰੀ ਦਾ ਅਹੁਦਾ ਦੇ ਕੇ ਨਿਵਾਜਿਆ ( ਬਲਜੀਤ ਸਿੰਘ ਖਹਿਰਾ )



ਤਰਨ ਤਾਰਨ 7 ਮਈ (ਪ੍ਰਗਟ ਸਿੰਘ ਜੀਵਨ ਜੱਜ) ਬਲਜੀਤ ਸਿੰਘ ਖਹਿਰਾ ਗੋਹਲਵੜ ਪਾਰਟੀ ਹਾਈ ਕਮਾਂਡ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਐਮ ਐਲ ਏ ਡਾਕਟਰ ਕਸ਼ਮੀਰ ਸਿੰਘ ਸੋਹਲ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰ ਸ਼ਿਪ ਦਾ ਧੰਨਵਾਦ ਕਰਦੇ , ਕਿਹਾ ਕੇ ਪਾਰਟੀ ਲਈ ਮਿਹਨਤ ਕਰਨ ਵਾਲੇ ਹਰ ਇਕ ਵਲੰਟੀਅਰ ਦਾ ਮਾਨ ਸਨਮਾਨ ਹੋਇਆ ਪਾਰਟੀ ਨੇ ਕਦੇ ਵੀ ਕਿਸੇ ਵਰਕਰ ਨੂੰ ਅੱਖੋ ਪਰੋਖੇ ਨਹੀਂ ਕੀਤਾ ।ਅੱਜ ਮੈਨੂੰ ਜਿਲ੍ਹਾ ਜੁਇੰਟ ਸੈਕਟਰੀ ਦਾ ਅਹੁਦਾ ਦੇ ਕੇ ਨਿਵਾਜਿਆ ਮੈਂ ਆਪਣੀ ਜਿਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ ਪਾਰਟੀ ਦਾ ਸੱਚਾ ਸਿਪਾਹੀ ਬਣ ਕੇ ਪਾਰਟੀ ਲਈ ਕੰਮ ਕਰਾਂਗਾ । ਆਮ ਆਦਮੀ ਪਾਰਟੀ ਲੋਕ ਸਭਾ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਵੱਡੀ ਲੀਡ ਨਾਲ ਜਿੱਤਣਗੇ ।ਇਸ ਮੌਕੇ ਬਲਜੀਤ ਸਿੰਘ ਖਹਿਰਾ ਨੂੰ ਵਧਾਈ ਦੇਦੇ ਹੋਏ ਪਾਰਟੀ ਦਾ ਧੰਨਵਾਦ ਕਰਦੇ ਹੋਏ ਸੀਨੀਅਰ ਆਗੂ ਕੁਲਦੀਪ ਸਿੰਘ ਰੰਧਾਵਾ, ਕਾਰਜ ਸਿੰਘ ਰੰਧਾਵਾ ਆਲਮ ਬੀਰ ਸਿੰਘ ਰੰਧਾਵਾ ਚਾਚਾ ਮੋਹਨ ਸਿੰਘ ਪਲਵਿੰਦਰਜੀਤ ਸਿੰਘ ਸਰਮੈਲ ਸਿੰਘ ਕਨੇਡਾ ਸੁਬੇਗ ਸਿੰਘ ਸੁਰਜੀਤ ਸਿੰਘ ਰਾਜਾ ਯੂਐਸਏ ਕਾਮਰੇਡ ਸੁਖਦੇਵ ਸਿੰਘ ਹਰਜਿੰਦਰ ਸਿੰਘ ਮਹਿੰਦਰ ਸਿੰਘ ਤਰਸੇਮ ਸਿੰਘ ਆਦਿ ਹਾਜ਼ਰ ਸਨ

## ਬ੍ਰਾਹਮਣ ਸਭਾ ਰਜਿ ਅਤੇ ਬ੍ਰਾਹਮਣ ਸਭਾ ਯੂਥ ਵਿੰਗ ਦੀ ਸਾਂਝੀ ਤੀਜੀ ਮੀਟਿੰਗ (ਗੀਤਾ ਭਵਨ) ਸਨਾਤਨ ਧਰਮ ਮੰਦਰ ਚੱਕਰੀ ਬਾਜ਼ਾਰ ਵਿਖੇ ਹੋਈ



ਬਟਾਲਾ 07 ਮਈ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) ਅੱਜ ਬ੍ਰਾਹਮਣ ਸਭਾ ਰਜਿ: ਅਤੇ ਬ੍ਰਾਹਮਣ ਸਭਾ ਯੂਥ ਵਿੰਗ (ਗੀਤਾ ਭਵਨ) ਦੀ ਸਾਂਝੀ ਤੀਸਰੀ ਮੀਟਿੰਗ ਬਲਦੇਵ ਪਰਾਸ਼ਰ ਦੀ ਅਗਵਾਈ ਹੇਠ ਸਨਾਤਨ ਧਰਮ ਮੰਦਰ ਚੱਕਰੀ ਬਜ਼ਾਰ ਵਿਖੇ ਹੋਈ ਜਿਸ ਵਿਚ ਜ਼ਿਲ੍ਹਾ ਪ੍ਰਧਾਨ ਰਾਮ ਲਾਲ ਆਪਣੇ ਸਾਥੀਆਂ ਸਮੇਤ ਪਹੁੰਚੇ ਅਤੇ ਜਿਲ੍ਹਾ . ਪੱਧਰ ਦੀ ਪਰਸ਼ੂਰਾਮ ਜਯੰਤੀ ਦਾ ਪ੍ਰਸਤਾਵ ਦਿੱਤਾ ਅਤੇ ਲਗਾਤਾਰ ਦੂਜੀ ਜ਼ਿਲ੍ਹਾ ਪੱਧਰੀ ਪਰਸ਼ੂਰਾਮ ਰਾਮ ਜੈਅੰਤੀ ਬਟਾਲਾ ਵਿੱਚ ਮਨਾਉਣ ਦਾ ਫੈਸਲਾ ਕੀਤਾ ।ਜਿਸ ਵਿੱਚ ਬ੍ਰਾਹਮਣ ਸਭਾ (ਯੂਥ ਵਿੰਗ) ਦੇ ਪ੍ਰਧਾਨ ਵਿਕਾਸ ਸ਼ਰਮਾ ਅਤੇ ਚੇਅਰਮੈਨ ਮਹੰਤ ਅਮਿਤ ਸ਼ਾਹ ਨੇ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਪ੍ਰਕਾਸ਼ ਉਤਸਵ ਅਤੇ ਅਯੁਧਿਆ ਵਿਚ ਸ੍ਰੀ ਰਾਮ ਮੰਦਿਰ ਦੇ 500 ਸਾਲਾਂ ਦੇ ਇਤਿਹਾਸ ਤੇ ਕਲਾਕਾਰਾਂ ਦੁਆਰਾ ਨਾਟਕ ਪ੍ਰੋਗਰਾਮ ਦਾ ਸੁਝਾਵ ਦਿੱਤਾ , ਜਿਸ 'ਤੇ ਸੀਨੀਅਰ ਬ੍ਰਾਹਮਣ ਸਭਾ, ਯੂਥ ਵਿੰਗ ਦੇ ਸਾਰੇ ਮੈਂਬਰਾਂ ਅਤੇ ਵੇਦ ਮੰਦਰ ਦੀ ਸਮੁੱਚੀ ਟੀਮ, ਵਿਜੇ ਪਹਿਲਵਾਨ ਜੀ ਨੇ ਵੀ ਸਹਿਮਤੀ ਦਿੱਤੀ ਅਤੇ ਇੱਕ ਯੋਜਨਾ ਬਣਾਉਣ ਬਾਰੇ ਸੋਚਿਆ। ਬਲਦੇਵ ਪਰਾਸ਼ਰ ਨੇ ਕਿਹਾ ਕਿ ਮੈਨੂੰ ਆਪਣੀ ਯੂਥ ਵਿੰਗ ਦੀ ਟੀਮ 'ਤੇ ਮਾਣ ਹੈ ਅਤੇ ਯੂਥ ਵਿੰਗ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਥੋੜ੍ਹੇ ਸਮੇਂ 'ਚ ਹੀ ਬਟਾਲਾ 'ਚ ਨਾਮ ਖੱਟਿਆ ਹੈ। ਇਸ ਮੌਕੇ ਸੁਨੀਲ ਯੁਮਨ, ਵਿਜੇ ਸ਼ਰਮਾ, ਹਰੀ ਓਮ ਜੋਸ਼ੀ, ਕਮਲ ਸ਼ਰਮਾ, ਰਾਜੇਸ਼ ਜੋਸ਼ੀ, ਰੋਹਿਤ ਸ਼ਰਮਾ, ਐਡਵੋਕੇਟ ਦੀਪਕ, ਚੇਤਨ ਸ਼ਰਮਾ, ਰੂਬੀ ਸ਼ਰਮਾ, ਰੋਹਨ ਸ਼ਰਮਾ ਆਦਿ ਹਾਜ਼ਰ ਸਨ।

## ਲੈਕਚਰਾਰ ਕੇਡਰ ਯੂਨੀਅਨ ਦਾ ਵਫ਼ਦ ਚੋਣ ਡਿਊਟੀਆਂ ਨੂੰ ਲੈ ਕੇ ਐਡੀਸ਼ਨਲ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਮਿਲਿਆ ਢਿੱਲੋਂ



ਲੁਧਿਆਣਾ , 7 ਮਈ ( ਹਰਮਿੰਦਰ ਮੱਕੜ )ਲੈਕਚਰਾਰ ਕੇਡਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਅਤੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਧਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਯੂਨੀਅਨ ਆਗੂਆਂ ਵੱਲੋ ਚੋਣ ਡਿਊਟੀਆਂ ਨੂੰ ਲੈਕੇ ਵਫ਼ਦ ਐਡੀਸ਼ਨਲ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਮੇਜਰ ਅਮਿਤ ਸਰੀਨ ਨੂੰ ਮਿਲਿਆ ਜਿਸ ਵਿਚ ਅਧਿਆਪਕ ਵਰਗ ਨੂੰ ਵਿਸੇਸ ਤੌਰ ਤੇ ਇੱਸਤਰੀ ਅਧਿਆਪਕਾਂ ਨੂੰ ਲੋਕ ਸਭਾ ਚੋਣਾਂ 2024 ਵਿੱਚ ਲਗੀਆਂ ਚੋਣ ਡਿਊਟੀਆਂ ਜੋਂ ਕਿ ਦੂਰ ਦੁਰਾਡੇ ਲੱਗੀਆਂ ਹੋਈਆਂ ਸਨ ਨੂੰ ਲੈਕੇ ਵਿਚਾਰ ਵਟਾਂਦਰਾ ਕੀਤਾ ਗਿਆ ਇਸ ਮੌਕੇ ਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀ ਮੇਜਰ ਅਮਿਤ ਸਰੀਨ ਵੱਲੋ ਯੂਨੀਅਨ ਆਗੂਆਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਇਸਤਰੀ ਕਰਮਚਾਰੀਆਂ ਦੀਆਂ ਚੋਣ ਡਿਊਟੀਆਂ ਬਹੁੱਤ ਨੇੜੇ ਲਗਾਈਆਂ ਜਾਣਗੀਆਂ ਤਾਂ ਜੋਂ ਕਿਸੇ ਕਰਮਚਾਰੀ ਵਿਸੇਸ ਤੌਰ ਤੇ ਇੱਸਤਰੀ ਕਰਮਚਾਰੀਆਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ ਇਸ ਮੌਕੇ ਤੇ ਯੂਨੀਅਨ ਆਗੂ ਜਸਪਾਲ ਸਿੰਘ ਹੰਬੜਾਂ ਦਵਿੰਦਰ ਸਿੰਘ ਗੁਰੂ ਜਗਦੀਪ ਸਿੰਘ ਸਾਹਨੇਵਾਲ ਗੁਰਜੈਪਾਲ ਸਿੰਘ ਅਜੈ ਕੁਮਾਰ ਬਲਰਾਜ ਸਿੰਘ ਗਰੇਵਾਲ ਹਾਜ਼ਿਰ ਸਨ ਯੂਨੀਅਨ ਪ੍ਰਧਾਨ ਢਿਲੋਂ ਅਤੇ ਯੂਨੀਅਨ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਅਲਬੇਲ ਸਿੰਘ ਪੁੜੈਣ ਵੱਲੋ ਜ਼ਿਲ੍ਹਾ ਪ੍ਰਸ਼ਾਸਨ ਦੇ ਚੋਣ ਡਿਊਟੀਆਂ ਨੇੜੇ ਲਗਾਉਣ ਦੇ ਫੈਂਸਲੇ ਦੀ ਸ਼ਲਾਘਾ ਕੀਤੀ ਅਤੇ ਸਮੁੱਚੇ ਅਧਿਆਪਕ ਵਰਗ ਨੂੰ ਅਪੀਲ ਕੀਤੀ ਕਿ ਹਰ ਮੁਲਾਜ਼ਮ ਆਪਣੀ ਵੋਟ ਦੇ ਹੱਕ ਦੀ ਵਰਤੋਂ ਜਰੂਰ ਕਰੇ

# ਭਾਰਤ ਦੇ ਵੋਟਿੰਗ ਤਿਉਹਾਰ 'ਤੇ ਵਿਸ਼ੇਸ਼

ਭਾਰਤ ਦੇ ਵੋਟਿੰਗ ਤਿਉਹਾਰ 'ਤੇ ਵਿਸ਼ੇਸ਼

ਉਦੋਂ ਤੋਂ ਲੈ ਕੇ ਹੁਣ ਤੱਕ ਦੇ ਨਾਅਰਿਆਂ ਦਾ ਮਤਲਬ - ਭ੍ਰਿਸ਼ਟ ਸੁਆਰਥੀ ਵੋਟਾਂ ਮੰਗਦੇ ਹਨ, ਜੁੱਤੀਆਂ ਦੇ ਪਟਾਕੇ ਦਿੰਦੇ ਹਨ।,

ਦੇਸ਼ ਦੀ ਅਜ਼ਾਦੀ ਤੋਂ ਬਾਅਦ ਸ਼ੁਰੂ ਹੋਈਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਉਸ ਸਮੇਂ ਦੀਆਂ ਸਿਆਸੀ ਪਾਰਟੀਆਂ ਨੇ ਇੱਕ-ਦੂਜੇ ਖ਼ਿਲਾਫ਼ ਜਿਸ ਤਰ੍ਹਾਂ ਦੇ ਨਾਅਰੇ ਲਾਏ, ਅੱਜ ਇਹੀ ਹਕੀਕਤ ਹੈ। ਉਹ ਇਹੀ ਨਾਅਰਾ ਲਗਾਉਂਦੀ ਨਜ਼ਰ ਆ ਰਹੀ ਹੈ: ਭ੍ਰਿਸ਼ਟ ਸਵਾਰਥੀ ਲੋਕ ਵੋਟਾਂ ਮੰਗਦੇ ਹਨ, ਉਨ੍ਹਾਂ ਨੂੰ ਜੁੱਤੀ ਦੀ ਪਰਚੀ ਦਿਓ।

ਵੈਸੇ ਵੀ ਜੇਕਰ ਇਸ ਚੋਣ ਦੌਰ ਵਿੱਚ ਨਾਅਰਿਆਂ ਦੀ ਗੱਲ ਨਾ ਕੀਤੀ ਜਾਵੇ ਤਾਂ ਚੋਣਾਂ ਦਾ ਇਹ ਮਹਾਨ ਤਿਉਹਾਰ ਕੁਝ ਫਿੱਕਾ ਨਜ਼ਰ ਆਉਣ ਲੱਗਦਾ ਹੈ।

ਹਾਲਾਂਕਿ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿੱਚ ਚੋਣ ਨਾਅਰਿਆਂ ਦਾ ਰੁਝਾਨ ਕਾਫੀ ਜ਼ਿਆਦਾ ਰਿਹਾ ਹੈ। ਉਨ੍ਹਾਂ ਤੋਂ ਬਿਨਾਂ ਇੱਥੇ ਕੋਈ ਚੋਣ ਚਰਚਾ ਪੂਰੀ ਨਹੀਂ ਸੀ। ਹਾਲਾਂਕਿ, ਜੋ ਨਾਅਰੇ ਕੁਝ ਸਾਲ ਪਹਿਲਾਂ ਤੱਕ ਚੋਣ ਪ੍ਰਚਾਰ ਦਾ ਜ਼ਰੂਰੀ ਹਿੱਸਾ ਸਨ, ਉਹ ਹੁਣ ਘੱਟ ਹੀ ਸੁਣਨ ਨੂੰ ਮਿਲਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਨਾਅਰੇ ਅਜਿਹੇ ਸਨ ਜਿਨ੍ਹਾਂ ਦੀ ਮਦਦ ਨਾਲ ਕਦੇ ਸੱਤਾ ਦੀ ਪੌੜੀ ਚੜ੍ਹਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ ਦਾ ਹਾਲ ਕੁਝ ਇਸ ਤਰ੍ਹਾਂ ਦਾ ਹੈ।

1- ਇਕਸੁਰਤਾ ਵਿਚ ਗੁਆਚ ਗਈ ਜ਼ਮੀਨ, ਘਰ ਬੰਦ ਹੋ ਗਿਆ, ਦਰਵਾਜ਼ੇ 'ਤੇ ਖੜ੍ਹੀ ਔਰਤ ਨੇ ਰੌਲਾ ਪਾਇਆ, ਮੈਂ ਮਰ ਗਿਆ ਹਾਂ ਨਸਬੰਦੀ ਵਿੱਚ (ਐਮਰਜੈਂਸੀ ਅਤੇ ਨਸਬੰਦੀ ਮੁਹਿੰਮ ਦੇ ਵਿਰੁੱਧ ਇੱਕ ਬਹੁਤ ਮਸ਼ਹੂਰ ਨਾਅਰਾ)।

2- ਬਲਦ ਸੜੀ ਹੋਈ ਝੌਂਪੜੀ ਤੋਂ ਭੱਜ ਗਏ,ਦੀਪਕ ਦੀ ਇਹ ਖੇਡ ਦੇਖੋ (ਸੱਠ ਦੇ ਦਹਾਕੇ ਵਿਚ ਨਾਅਰਿਆਂ ਰਾਹੀਂ ਜਨ ਸੰਘ ਅਤੇ ਕਾਂਗਰਸ ਵਿਚ ਕਾਫੀ ਤਕਰਾਰ ਹੁੰਦੀ ਸੀ। ਉਸ ਸਮੇਂ ਜਨ ਸੰਘ ਦਾ ਚੋਣ ਨਿਸ਼ਾਨ ਚਿਰਾਗ ਸੀ ਜਦੋਂਕਿ ਕਾਂਗਰਸ ਦਾ ਚੋਣ ਨਿਸ਼ਾਨ ਦੋ ਬਲਦਾਂ ਦੀ ਜੋੜੀ ਸੀ।)

3- ਇਸ ਦੀਵੇ ਵਿੱਚ ਤੇਲ ਨਹੀਂ ਹੈ, ਸਰਕਾਰ ਬਣਾਉਣਾ ਕੋਈ ਖੇਡ ਨਹੀਂ ਹੈ। (ਇਹ ਜਨ ਸੰਘ ਦੇ ਨਾਅਰੇ 'ਬਲਦਾਂ ਨੇ ਆਪਣੀਆਂ ਝੁੱਗੀਆਂ ਸਾੜ ਦਿੱਤੀਆਂ, ਇਹ ਦੀਪਕ ਦੀ ਖੇਡ ਵੇਖੋ' ਦੇ ਜਵਾਬ ਵਿੱਚ ਕਾਂਗਰਸ ਦਾ ਜਵਾਬੀ ਨਾਅਰਾ ਸੀ।)

4- ਅਰਬ ਰੁਪਏ ਚਾਂਦੀ, ਰਾਜ ਨੂੰ ਮਹਾਤਮਾ ਗਾਂਧੀ। (ਇਹ ਨਾਅਰਾ 1952 ਵਿਚ ਆਜ਼ਾਦੀ ਤੋਂ ਬਾਅਦ ਪਹਿਲੀਆਂ ਚੋਣਾਂ ਵਿਚ ਕੁਝ ਕਾਂਗਰਸੀ ਆਗੂਆਂ ਨੇ ਦਿੱਤਾ ਸੀ)

5- ਸੰਜੇ ਦੀ ਮਾਂ - ਬਹੁਤ ਬੇਕਾਰ (1977 ਵਿੱਚ ਇੰਦਰਾ ਵਿਰੁੱਧ ਨਾਅਰਾ)

6- ਬੇਟਾ ਕਾਰਾਂ ਬਣਾਉਂਦਾ ਹੈ,ਮਾਂ ਬਰਬਾਦੀ ਕਰਦੀ ਹੈ। (1977 ਵਿੱਚ ਇੰਦਰਾ ਵਿਰੁੱਧ ਨਾਅਰਾ)

7- ਨਸਬੰਦੀ ਦੇ ਤਿੰਨ ਦਲਾਲ- ਇੰਦਰਾ, ਸੰਜੇ, ਬੰਸੀਲਾਲ (1977 ਵਿੱਚ ਇੰਦਰਾ ਵਿਰੁੱਧ ਨਾਅਰਾ)

8- ਇੱਕ ਸ਼ੇਰਨੀ ਅਤੇ ਇੱਕ ਸੌ ਬਾਂਦਰ,ਚਿਕਮਗਲੁਰ- ਕਮਗਲੂਰ (1978 ਵਿੱਚ ਇੰਦਰਾ ਗਾਂਧੀ ਕਰਨਾਟਕ ਦੇ ਚਿਕਮਗਲੂਰ ਤੋਂ ਉਪ ਚੋਣ ਲੜ ਰਹੀ ਸੀ। ਉਸ ਦੌਰਾਨ ਦੱਖਣੀ ਭਾਰਤੀ ਕਾਂਗਰਸ ਦੇ ਆਗੂ ਦੇਵਰਾਜ ਉਰਸ ਨੇ ਇਹ ਨਾਅਰਾ ਦਿੱਤਾ ਸੀ।)

9- ਸੰਸੋਪਾ ਨੇ ਗੰਢ ਬੰਨ੍ਹੀ,ਪਛੜੇ ਉਮੀਦਵਾਰ ਸੌ ਵਿੱਚੋਂ ਸੱਠ ਹਨ। (ਸੱਤਾ ਵਿੱਚ ਪਿਛੜੇ ਲੋਕਾਂ ਦੀ ਹਿੱਸੇਦਾਰੀ ਲਈ ਸਮਾਜਵਾਦੀ ਆਗੂ ਰਾਮ ਮਨੋਹਰ ਲੋਹੀਆ ਨੂੰ ਦਿੱਤਾ ਨਾਅਰਾ)

10- ਦੇਸ਼ ਦੇ ਲੋਕ ਭੁੱਖੇ ਹਨ,ਇਹ ਆਜ਼ਾਦੀ ਝੂਠੀ ਹੈ। (ਆਜ਼ਾਦੀ ਤੋਂ ਬਾਅਦ ਕਮਿਊਨਿਸਟ ਆਗੂਆਂ ਵੱਲੋਂ ਦਿੱਤਾ ਗਿਆ ਨਾਅਰਾ।)

11- ਲਾਲ ਕਿਲੇ 'ਤੇ ਲਾਲ ਨਿਸ਼ਾਨ, ਮੰਗਣਾ (ਹਿੰਦੁਸਤਾਨ (ਖੱਬੀਆਂ ਪਾਰਟੀਆਂ ਵੱਲੋਂ ਦਿੱਤਾ ਗਿਆ ਨਾਅਰਾ।)

12- ਦੌਲਤ ਅਤੇ ਜ਼ਮੀਨ ਵੰਡੀ ਰਹੇਗੀ, ਭੁੱਖੇ ਲੋਕ ਚੁੱਪ ਨਹੀਂ ਰਹਿਣਗੇ। (1960 ਦੇ ਦਹਾਕੇ ਵਿੱਚ ਸਮਾਜਵਾਦੀਆਂ ਅਤੇ ਕਮਿਊਨਿਸਟਾਂ ਦੁਆਰਾ ਦਿੱਤਾ ਗਿਆ ਇੱਕ ਨਾਅਰਾ।)

13- ਨਹਿਰੂ ਨੂੰ ਅਸਮਾਨ ਤੋਂ ਪੁਕਾਰਣਾ ਚਾਹੀਦਾ ਹੈ,ਆਪਣੀ ਧੀ ਨੂੰ ਤੰਗ ਨਾ ਕਰੋ।(ਐਮਰਜੈਂਸੀ ਦੇ ਖਿਲਾਫ ਦਿੱਤਾ ਗਿਆ ਨਾਅਰਾ।)

14- ਇੰਦਰਾ ਦੀ ਇਹ ਖੇਡ ਦੇਖੋ, ਰਾਸ਼ਨ ਖਾਧਾ, ਤੇਲ ਪੀਤਾ। (ਇੰਦਰਾ ਦੇ ਗਰੀਬ ਹਟਾਓ ਨਾਅਰੇ ਦਾ ਜਵਾਬ ਉਸਦੇ ਸਿਆਸੀ ਵਿਰੋਧੀਆਂ ਨੇ ਇਸ ਨਾਅਰੇ ਨਾਲ ਦਿੱਤਾ ਸੀ।)

15- ਜਾਤ 'ਤੇ ਨਹੀਂ, ਜਾਤ 'ਤੇ।ਇੰਦਰਾਜੀ ਦੇ ਕਹਿਣ 'ਤੇ ਸ.ਹੱਥ ਸੀਲ (ਸਾਹਿਤਕਾਰ ਸ਼੍ਰੀਕਾਂਤ ਵਰਮਾ ਦਾ ਕਾਂਗਰਸ ਲਈ ਲਿਖਿਆ ਇਹ ਨਾਅਰਾ ਕਾਫੀ ਮਸ਼ਹੂਰ ਹੋਇਆ ਸੀ।)

16- ਜਗਜੀਵਨ ਰਾਮ ਦਾ ਤੂਫਾਨ ਆਇਆ, ਇੰਦਰਾ ਗਾਂਧੀ ਉੱਡ ਜਾਵੇਗੀ। (ਐਮਰਜੈਂਸੀ ਦੌਰਾਨ ਇੱਕ ਨਾਅਰਾ।)

17- ਗਰੀਬੀ ਹਟਾਓ (ਇੰਦਰਾ ਗਾਂਧੀ ਨੇ ਇਹ ਨਾਅਰਾ 1971 ਵਿੱਚ ਦਿੱਤਾ ਸੀ। ਉਸ ਸਮੇਂ ਦੌਰਾਨ ਉਹ ਹਰ ਚੋਣ ਰੈਲੀ ਵਿੱਚ ਆਪਣੇ ਭਾਸ਼ਣ ਦੇ ਅੰਤ ਵਿੱਚ ਇਹੀ ਵਾਕ ਕਿਹਾ ਕਰਦੀ ਸੀ- 'ਉਹ ਕਹਿੰਦੇ ਹਨ, ਗਰੀਬੀ ਹਟਾਓ, ਮੈਂ ਕਹਿੰਦਾ ਹਾਂ ਗਰੀਬੀ ਹਟਾਓ, ਫੈਸਲਾ ਹੈ। ਤੁਹਾਡਾ ਕਰਨਾ)

18- ਜਿਉਂਦੇ ਭਾਈਚਾਰਿਆਂ ਨੂੰ ਪੰਜ ਸਾਲ ਉਡੀਕ ਨਹੀਂ ਕਰਨੀ ਪੈਂਦੀ (ਰਾਮ ਮਨੋਹਰ ਲੋਹੀਆ ਵੱਲੋਂ ਦਿੱਤਾ ਗਿਆ ਨਾਅਰਾ)

19- ਇੰਦਰਾ ਭਾਰਤ ਹੈ ਅਤੇ ਭਾਰਤ ਹੀ ਇੰਦਰਾ ਹੈ (ਕਾਂਗਰਸ ਨੇਤਾ ਦੇਵਕਾਂਤ ਬਰੂਆ ਨੇ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਬਾਰੇ ਇਹ ਨਾਅਰਾ ਦਿੱਤਾ ਸੀ।)

20- ਇੰਦਰਾ ਹਟਾਓ, ਦੇਸ਼ ਬਚਾਓ (1977 ਵਿੱਚ ਜੈ ਪ੍ਰਕਾਸ਼ ਨਰਾਇਣ ਦੁਆਰਾ ਦਿੱਤਾ ਗਿਆ ਨਾਅਰਾ।)

21- ਕੁੱਲ ਇਨਕਲਾਬ ਹੁਣ ਨਾਅਰਾ ਹੈ। ਭਵਿੱਖ ਦਾ ਇਤਿਹਾਸ ਤੁਹਾਡਾ ਹੈ। ਇਹ ਨਖਤ ਅੰਮਾ ਨੇ ਬੁਝਾਏ ਹਨ। ਸਾਰਾ ਅਸਮਾਨ ਤੇਰਾ ਹੈ। ਸਮੇਂ ਦੇ ਰੱਥ ਦੀ ਦਹਾੜ ਸੁਣੋ/ ਸਿੰਘਾਸਣ ਖਾਲੀ ਕਰੋ ਕਿਉਂਕਿ ਜਨਤਾ ਆ ਰਹੀ ਹੈ। (ਜੇਪੀ ਅੰਦੋਲਨ ਦੌਰਾਨ ਰਾਮਧਾਰੀ ਸਿੰਘ ਦਿਨਕਰ ਦੀ ਕਵਿਤਾ ਦੀਆਂ ਇਹ ਸਤਰਾਂ ਲੋਕ ਲਹਿਰ ਦਾ ਨਾਅਰਾ ਬਣ ਗਈਆਂ।)

22- ਜਿੰਨਾ ਚਿਰ ਸੂਰਜ ਅਤੇ ਚੰਦਰਮਾ ਰਹਿੰਦੇ ਹਨ, ਇੰਦਰਾ ਤੇਰਾ ਨਾਮ ਹੋਵੇਗਾ। (1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਂਗਰਸ ਵੱਲੋਂ ਦਿੱਤਾ ਗਿਆ ਨਾਅਰਾ।)

23- ਮੇਰੇ ਖੂਨ ਦੀ ਆਖਰੀ ਬੂੰਦ ਵੀ ਇਸ ਦੇਸ਼ ਨੂੰ ਸਮਰਪਿਤ ਹੈ। (ਇੰਦਰਾ ਦੇ ਕਤਲ ਤੋਂ ਬਾਅਦ, ਕਾਂਗਰਸ ਨੇ ਰਾਜੀਵ ਗਾਂਧੀ ਦੀ ਅਗਵਾਈ ਵਿੱਚ ਲੜੀਆਂ ਗਈਆਂ ਚੋਣਾਂ ਵਿੱਚ ਇੰਦਰਾ ਦੇ ਇਸ ਬਿਆਨ ਨੂੰ ਇੱਕ ਨਾਅਰੇ ਵਜੋਂ ਵਰਤਿਆ।)

24- ਲੱਖਾਂ ਹੱਥ ਖੜ੍ਹੇ ਹਨ, ਰਾਜੀਵ ਜੀ ਨਾਲ। (ਇਹ ਨਾਅਰਾ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈਆਂ ਆਮ ਚੋਣਾਂ ਵਿੱਚ ਗੂੰਜਿਆ ਸੀ।)

25- ਉਹ ਰਾਜਾ ਨਹੀਂ, ਫਕੀਰ ਹੈ। ਇਹ ਦੇਸ਼ ਦੀ ਕਿਸਮਤ ਹੈ। (ਵੀਪੀ ਸਿੰਘ ਬਾਰੇ ਬਣਾਇਆ ਇਹ ਨਾਅਰਾ 1989 ਦੀਆਂ ਚੋਣਾਂ ਵਿੱਚ ਬਹੁਤ ਮਸ਼ਹੂਰ ਹੋਇਆ ਸੀ।)

26- ਰਾਮ ਦੀ ਸਹੁੰ,ਅਸੀਂ ਉੱਥੇ ਮੰਦਰ ਬਣਾਵਾਂਗੇ।ਇਹ ਪਹਿਲੀ ਝਲਕ ਹੈ, ਕਾਸ਼ੀ ਮਥੁਰਾ ਰਹਿ ਗਿਆ ਹੈ।ਰਾਮਲਲਾ ਅਸੀਂ ਆਵਾਂਗੇ,ਉਥੇ ਹੀ ਮੰਦਰ ਬਣਾਇਆ ਜਾਵੇਗਾ।(ਰਾਮ ਮੰਦਰ ਅੰਦੋਲਨ ਦੌਰਾਨ ਭਾਜਪਾ ਅਤੇ ਸੰਘ ਦੇ ਨਾਅਰੇ)

27- ਰਾਜੀਵ, ਇਹ ਤੁਹਾਡੀ ਕੁਰਬਾਨੀ ਹੈ।ਭਾਰਤ ਯਾਦ ਰੱਖੇਗਾ (1991 ਵਿੱਚ ਰਾਜੀਵ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਂਗਰਸ ਪਾਰਟੀ ਨੇ ਇਹ ਨਾਅਰਾ ਦਿੱਤਾ ਸੀ।)

28- ਇਕ-ਇਕ ਕਰਕੇ ਸਾਰਿਆਂ ਨੂੰ ਦੇਖਿਆ, ਇਸ ਵਾਰ ਅਟਲ ਬਿਹਾਰੀ (1996 ਵਿੱਚ ਭਾਜਪਾ ਵੱਲੋਂ ਦਿੱਤਾ ਗਿਆ ਨਾਅਰਾ।)

29- ਅਟਲ ਬਿਹਾਰੀ ਕਹਿ ਰਹੇ ਹਨ, ਇੰਦਰਾ ਦਾ ਰਾਜ ਡਗਮਗਾ ਰਿਹਾ ਹੈ।(ਭਾਰਤੀ ਜਨ ਸੰਘ ਦੇ ਦੌਰ ਵਿੱਚ ਇਸਦਾ ਇੱਕ ਨਾਅਰਾ।)

30- ਸਲੇਟੀ ਵਾਲ ਸਾਫ਼ ਕਰੋ(ਲਾਲੂ ਉੱਤੇ 1992 ਵਿੱਚ ਉੱਚ ਜਾਤੀ ਦੇ ਲੋਕਾਂ ਦਾ ਅਪਮਾਨ ਕਰਨ ਲਈ ਇਹ ਨਾਅਰਾ ਲਗਾਉਣ ਦਾ ਦੋਸ਼ ਸੀ।)

31- ਭੋਜਨ, ਕੱਪੜੇ ਅਤੇ ਘਰ,ਭਾਰਤ ਮੰਗ ਕਰ ਰਿਹਾ ਹੈ(ਸਮਾਜਵਾਦੀ ਆਗੂਆਂ ਵੱਲੋਂ ਦਿੱਤਾ ਗਿਆ ਨਾਅਰਾ)

32- ਮਹਿੰਗਾਈ ਨੂੰ ਨਹੀਂ ਰੋਕ ਸਕਿਆ,ਇਹ ਸਰਕਾਰ ਬੇਕਾਰ ਹੈ ਸਰਕਾਰ ਬੇਕਾਰ ਹੈ ਉਸ ਸਰਕਾਰ ਨੂੰ ਬਦਲਣਾ ਪਵੇਗਾ। (ਇੰਦਰਾ ਗਾਂਧੀ ਖਿਲਾਫ ਸਮਾਜਵਾਦੀਆਂ ਨੇ ਦਿੱਤਾ ਨਾਅਰਾ)

33- ਅਟਲ, ਅਡਵਾਨੀ, ਕਮਲ ਨਿਸ਼ਾਨ, ਭਾਰਤ ਮੰਗ ਕਰ ਰਿਹਾ ਹੈ। (ਭਾਜਪਾ ਨੇ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਦਿੱਤਾ ਨਾਅਰਾ।)

34- ਜਾਤ 'ਤੇ ਨਹੀਂ, ਜਾਤ 'ਤੇ,ਇੱਕ ਮੋਹਰ ਹੱਥ 'ਤੇ ਰੱਖਿਆ ਜਾਵੇਗਾ (1996 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵੱਲੋਂ ਦਿੱਤਾ ਗਿਆ ਨਾਅਰਾ।)

35- ਰਾਮ ਅਤੇ ਰੋਮ ਦੀ ਲੜਾਈ (ਸੋਨੀਆ ਗਾਂਧੀ ਨੂੰ ਨਿਸ਼ਾਨਾ ਬਣਾਉਣ ਵਾਲਾ ਇਹ ਨਾਅਰਾ ਭਾਜਪਾ ਨੇ 1999 ਦੀਆਂ ਚੋਣਾਂ ਵਿੱਚ ਵੀ ਵਰਤਿਆ ਸੀ।)

36- ਅੱਧੀ ਰੋਟੀ ਖਾਵਾਂਗੇ, ਇੰਦਰਾਜੀ ਨੂੰ ਲੈ ਕੇ ਆਉਣਗੇ। ਇੰਦਰਾ ਜੀ ਦੇ ਕਹੇ ਤੇ ਸ. ਹੱਥ 'ਤੇ ਮੋਹਰ ਲਗਾਈ ਜਾਵੇਗੀ।(ਕਾਂਗਰਸ ਨੇ ਇਹ ਨਾਅਰਾ 1980 ਵਿੱਚ ਜਨਤਾ ਪਾਰਟੀ ਦੇ ਢਾਈ ਸਾਲ ਦੇ ਸ਼ਾਸਨ ਤੋਂ ਪਰੇਸ਼ਾਨ ਲੋਕਾਂ ਦੀਆਂ ਭਾਵਨਾਵਾਂ ਦਾ ਫਾਇਦਾ ਉਠਾਉਣ ਲਈ ਦਿੱਤਾ ਸੀ।)

37- ਅਮੇਠੀ ਦਾ ਡੰਕਾ,ਧੀ ਪ੍ਰਿਅੰਕਾ।(ਪ੍ਰਿਅੰਕਾ ਗਾਂਧੀ ਜਦੋਂ ਪਹਿਲੀ ਵਾਰ ਅਮੇਠੀ ਵਿੱਚ ਚੋਣ ਪ੍ਰਚਾਰ ਲਈ ਪਹੁੰਚੀ ਤਾਂ ਸਥਾਨਕ ਕਾਂਗਰਸੀਆਂ ਦੇ ਨਾਅਰੇ।)

38- ਹਰ ਹੱਥ ਲਈ ਕੰਮ,ਹਰ ਖੇਤ ਨੂੰ ਪਾਣੀ,ਹਰ ਘਰ ਵਿੱਚ ਦੀਵਾ,ਜਨ ਸੰਘ ਦਾ ਪ੍ਰਤੀਕ।(ਜਨ ਸੰਘ ਦੇ ਸਮੇਂ ਦਾ ਇੱਕ ਨਾਅਰਾ।)

39- ਮਾਂ, ਮਿੱਟੀ, ਮਨੁੱਖ।(2010 ਵਿੱਚ ਬੰਗਾਲ ਵਿਧਾਨ ਸਭਾ ਚੋਣਾਂ ਦੌਰਾਨ ਤ੍ਰਿਣਮੂਲ ਕਾਂਗਰਸ ਵੱਲੋਂ ਦਿੱਤਾ ਗਿਆ ਨਾਅਰਾ।)

40- ਠਾਕੁਰ ਬਾਭਾਨ, ਇੱਕ ਵਪਾਰੀ ਚੋਰ,ਬਾਕੀ ਹਰ ਕੋਈ DS4 ਹੈ। ਤਿਲਕ ਤਰਾਜੂ ਅਤੇ ਤਲਵਾਰ,ਉਨ੍ਹਾਂ ਨੂੰ ਚਾਰ ਜੁੱਤੀਆਂ ਨਾਲ ਮਾਰੋ. (ਕਾਂਸ਼ੀਰਾਮ ਦੁਆਰਾ ਦਿੱਤੇ ਗਏ ਨਾਅਰੇ।)

41- ਮੁਲਾਇਮ ਕਾਂਸ਼ੀਰਾਮ ਨੂੰ ਮਿਲਿਆ,ਜੈਸ਼੍ਰੀ ਰਾਮ ਹਵਾ ਹੋ ਗਿਆ।(1993 ਵਿੱਚ, ਜਦੋਂ ਯੂਪੀ ਵਿੱਚ ਸਪਾ ਅਤੇ ਬਸਪਾ ਨੇ ਸਾਂਝੇ ਤੌਰ 'ਤੇ ਵਿਧਾਨ ਸਭਾ ਚੋਣਾਂ ਲੜੀਆਂ ਸਨ, ਤਾਂ ਭਾਜਪਾ ਨੂੰ ਨਿਸ਼ਾਨਾ ਬਣਾਉਣ ਵਾਲਾ ਇਹ ਨਾਅਰਾ ਬਹੁਤ ਮਸ਼ਹੂਰ ਹੋਇਆ ਸੀ।)

42- ਹਾਥੀ ਤੁਰੇਗਾ, ਧੂੜ ਉਡੇਗਾ,ਕੋਈ ਹੱਥ ਨਹੀਂ ਹੋਵੇਗਾ, ਕੋਈ ਫੁੱਲ ਨਹੀਂ ਹੋਵੇਗਾ(ਬਸਪਾ ਦਾ ਨਾਅਰਾ।)

43- ਉੱਪਰ ਅਸਮਾਨ,ਪਾਸਵਾਨ ਹੇਠਾਂ(ਇੱਕ ਸਮੇਂ, ਰਾਮ ਵਿਲਾਸ ਪਾਸਵਾਨ ਬਾਰੇ ਇਹ ਨਾਅਰਾ ਬਿਹਾਰ ਵਿੱਚ ਕਾਫ਼ੀ ਮਸ਼ਹੂਰ ਸੀ।)

44-ਗੁੰਡਨ ਦੀ ਛਾਤੀ 'ਤੇ ਚੜ੍ਹਿਆ,ਹਾਥੀ 'ਤੇ ਮੋਹਰ ਲੱਗ ਜਾਵੇਗੀ।(ਬਸਪਾ ਵੱਲੋਂ ਦਿੱਤਾ ਗਿਆ ਨਾਅਰਾ।)

45-ਇਸ ਵਾਰ ਮੋਦੀ ਸਰਕਾਰ। (2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਦਿੱਤਾ ਗਿਆ ਨਾਅਰਾ।)

46- ਨੌਜਵਾਨ ਜੋਸ਼, ਕੱਟੜ ਸੋਚ ਨਹੀਂ।(2014 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵੱਲੋਂ ਦਿੱਤਾ ਗਿਆ ਨਾਅਰਾ।)

47-ਯੂਪੀ ਕੋਲ ਸੱਤਾ ਹੈ,ਕਿਉਂਕਿ ਇੱਥੇ ਅਪਰਾਧ ਘੱਟ ਹਨ(2007 ਉੱਤਰ ਪ੍ਰਦੇਸ਼ ਵਿਧਾਨ ਸਭਾ ਦੌਰਾਨ ਸਪਾ ਦੁਆਰਾ ਦਿੱਤਾ ਗਿਆ ਨਾਅਰਾ।)

48- ਗੁੰਡੇ ਹਾਥੀ 'ਤੇ ਚੜ੍ਹੇਤੁਹਾਨੂੰ ਸੀਨੇ ਵਿੱਚ ਗੋਲੀ ਮਾਰ ਦੇਵੇਗਾ.(ਬਸਪਾ ਦੇ ਨਾਅਰੇ ਖਿਲਾਫ ਵਿਰੋਧੀ ਧਿਰ ਦਾ ਹਰਮਨ ਪਿਆਰਾ ਨਾਅਰਾ।)

49 -ਪੁਜਾਰੀ ਸ਼ੰਖ ਵਜਾਏਗਾ,ਹਾਥੀ ਵਧਦਾ ਰਹੇਗਾ।(2007 ਉੱਤਰ ਪ੍ਰਦੇਸ਼ ਵਿਧਾਨ ਸਭਾ ਦੌਰਾਨ ਬਸਪਾ ਵੱਲੋਂ ਦਿੱਤਾ ਗਿਆ ਨਾਅਰਾ।)

50 - ਗਣੇਸ਼ ਇੱਕ ਹਾਥੀ ਨਹੀਂ ਹੈ,ਬ੍ਰਹਮਾ-ਵਿਸ਼ਨੂੰ ਮਹੇਸ਼ ਹੈ। (2007 ਉੱਤਰ ਪ੍ਰਦੇਸ਼ ਵਿਧਾਨ ਸਭਾ ਦੌਰਾਨ ਬਸਪਾ ਵੱਲੋਂ ਦਿੱਤਾ ਗਿਆ ਨਾਅਰਾ।)

51 - ਇਸ ਵਾਰ ਮੋਦੀ ਸਰਕਾਰ', ਹਰ ਘਰ ਵਿੱਚ ਮੋਦੀ, ਮੋਦੀ ਦੀ ਜੈ। (2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਕਈ ਨਾਅਰਿਆਂ ਵਿੱਚੋਂ ਇੱਕ)

52 - ਭਾਜਪਾ ਨੇ 2019 ਦੇ ਨਵੇਂ ਨਾਅਰੇ ਵਿੱਚ ਸਿਰਫ ਨਵਾਂ ਸ਼ਬਦ 'ਫਿਰ' ਜੋੜਿਆ ਸੀ।53 - ਹੁਣ ਇਨਸਾਫ ਹੋਵੇਗਾ...'(2019 ਕਾਂਗਰਸ ਦਾ ਨਾਅਰਾ)

ਜੇਕਰ ਇਹਨਾਂ ਵਿੱਚੋਂ ਕਿਸੇ ਵੀ ਪਾਰਟੀ ਤੋਂ ਚੋਣ ਨਾ ਲੜਨ ਵਾਲੇ ਆਜ਼ਾਦ ਲੋਕਾਂ ਦੇ ਨਾਅਰਿਆਂ ਦੀ ਚਰਚਾ ਕਰੀਏ ਤਾਂ ਉਹਨਾਂ ਅਨੁਸਾਰ -ਬਸਪਾ ਭ੍ਰਿਸ਼ਟ ਹੈ, ਭਾਜਪਾ ਬੇਈਮਾਨ ਹੈ।ਸਪਾ ਧੋਖੇਬਾਜ਼ ਹੈ ਅਤੇ ਕਾਂਗਰਸ ਸਭ ਦੀ ਬਾਪ ਹੈ।

ਪਰ ਦੇਸ਼ ਅਤੇ ਸਮਾਜ ਦੇ ਹਿੱਤ ਵਿੱਚ, ਸਭ ਤੋਂ ਮਹੱਤਵਪੂਰਨ ਨਾਅਰੇ ਅਨੁਸਾਰ, ਜੋ ਲੋਕਾਂ ਨੂੰ ਚੋਣ ਤਿਉਹਾਰ 'ਤੇ ਢੁਕਵਾਂ ਲੱਗਦਾ ਹੈ, ਉਹ ਹੈ

ਜਦੋਂ ਕੋਈ ਭ੍ਰਿਸ਼ਟ ਸੁਆਰਥੀ ਵੋਟਾਂ ਮੰਗਦਾ ਹੈ ਤਾਂ ਉਸ ਨੂੰ ਜੁੱਤੀ ਪਟਾਕੇ ਦੇ ਦਿਓ।

:ਪੇਸ਼ਕਾਰੀ:

ਸੁਨੀਲ ਬਾਜਪਾਈ

(ਕਵੀ, ਗੀਤਕਾਰ, ਲੇਖਕ ਅਤੇ ਸੀਨੀਅਰ ਪੱਤਰਕਾਰ),

ਕਾਨਪੁਰ।

7985473020 ਹੈ

9839040294 ਹ

## ਪਟਿਆਲਾ ਲੋਕ ਸਭਾ ਤੋਂ ਕਾਂਗਰਸ ਦੇ ਉਮੀਦਵਾਰ ਡਾਕਟਰ ਗਾਧੀ ਨੇ ਕੀਤਾ ਨਾਭਾ ਵਿਖੇ ਮੁੱਖ ਚੋਣ ਦਫਤਰ ਦਾ ਉਦਘਾਟਨ

### -ਲੋਕਤੰਤਰ ਬਚਾਉਣ ਲਈ ਇੰਡੀਆ ਗੱਠਜੋੜ ਨੂੰ ਜਿੱਤਣਾ ਜ਼ਰੂਰੀ - ਕਾਕਾ ਰਣਦੀਪ,ਅਵਤਾਰ ਨੰਨੜੇ,ਮਹੰਤ ਖਨੋੜਾ -



ਨਾਭਾ 7 ਮਈ-ਸੁਖਪਾਲ ਸਿੰਘ - ਲੋਕ ਸਭਾ ਚੋਣਾਂ ਨੂੰ ਲੈਕੇ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾ ਵਲੋ ਆਪੋ ਅਪਣੀਆ ਚੋਣ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਜਿਸ ਨੂੰ ਲੈਕੇ ਲੋਕ ਸਭਾ ਪਟਿਆਲਾ ਕਾਂਗਰਸੀ ਉਮੀਦਵਾਰ ਡਾਕਟਰ ਧਰਮਵੀਰ ਗਾਧੀ ਵਲੋਂ ਨਾਭਾ ਵਿਖੇ ਮੁੱਖ ਚੋਣ ਦਫਤਰ ਦਾ ਉਦਘਾਟਨ ਕੀਤਾ ਗਿਆ ਜਿਸ ਵਿੱਚ ਲੋਕਾਂ ਵੱਡਾ ਜਨ ਸੈਲਾਬ ਉਮੜਿਆ ਇਸ ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ, ਜਿਲਾ ਪ੍ਰਧਾਨ ਕਾਂਗਰਸ ਦਿਹਾਤੀ ਦੇ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੋੜਾ,ਮਹਿਲਾ ਕਾਂਗਰਸ ਪੰਜਾਬ ਪ੍ਰਧਾਨ ਗੁਰਸ਼ਰਨ ਕੋਰ ਰੰਧਾਵਾ,ਕਾਗਰਸ ਦੇ ਸੂਬਾ ਸਕੱਤਰ ਅਤੇ ਕੰਬਾਈਨ ਐਸੋਸੀਏਸਨ ਦੇ ਪ੍ਰਧਾਨ ਅਵਤਾਰ ਸਿੰਘ ਨੰਨੜੇ,ਸ਼ਹਿਰੀ ਪ੍ਰਧਾਨ ਵਿਵੇਕ ਸਿੰਗਲਾ,ਦਿਹਾਤੀ ਪ੍ਰਧਾਨ ਬਲਵਿੰਦਰ ਸਿੰਘ ਬਿੱਟੂ ਢੀਂਗੀ ਅਤੇ ਐਸ ਸੀ ਡਿਪਾਰਮੈਟ ਜਿਲਾ ਚੈਅਰਮੈਨ ਕੁਲਵਿੰਦਰ ਸਿੰਘ ਸੁੱਖੇਵਾਲ ਨੇ ਸੰਬੋਧਨ ਕਰਦਿਆ ਡਾਕਟਰ ਗਾਧੀ ਵੱਡੇ ਫਰਕ ਨਾਲ ਜਿਤਾਉਣ ਦੀ ਅਪੀਲ ਕੀਤੀ ਇਸ ਮੋਕੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਹੁਣ ਪਰਖ ਦੀ ਘੜੀ ਹੈ ਸਾਨੂੰ ਮੋਕਾ ਪ੍ਰਸਤ ਲੀਡਰਾਂ ਦਾ ਖਹਿੜਾ ਛੱਡ ਕੇ ਲੋਕਤੰਤਰ ਨੂੰ ਬਚਾਉਣ ਲਈ ਇੰਡੀਆ ਗੱਠਜੋੜ ਨੂੰ ਜਿਤਾਉਣਾ ਜ਼ਰੂਰੀ ਹੋ ਗਿਆ ਹੈ ਜੇਕਰ ਅਸੀਂ ਅੱਜ ਇਸ ਮੋਕੇ ਤੋਂ ਖੁੰਝ ਗਏ ਤਾਂ ਤੁਹਾਨੂੰ ਮੁੜ ਕਦੇ ਵੋਟ ਪਾਉਣ ਦਾ ਮੋਕਾ ਨਹੀਂ ਮਿਲੇਗਾ ਭਾਜਪਾ ਵਲੋਂ ਦੇਸ਼ ਦਾ ਸੰਵਿਧਾਨ ਹੀ ਬਦਲ ਦਿੱਤਾ ਜਾਵੇਗਾ ਇਸ ਮੋਕੇ ਅਵਤਾਰ ਸਿੰਘ ਨੰਨੜੇ ਨੇ ਸਾਬਕਾ ਮੰਤਰੀ ਸਾਧੂ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਉਨਾਂ ਭਾਜਪਾ ਅਤੇ ਆਪ ਸਰਕਾਰ ਕਿਸੇ ਦਬਾਅ ਨੂੰ ਨਾ ਮੰਨਦਿਆਂ ਜੇਲ ਜਾਣ ਦਾ ਰਸਤਾ ਚੁਣਿਆ ਅਤੇ ਦਲਬਦਲੂ ਨਾ ਹੋਕੇ ਪਾਰਟੀ ਨਾਲ ਵਫਾਦਾਰੀ ਨਿਭਾਉਂਦਿਆਂ ਜੇਲ ਜਾਣ ਤੋਂ ਵੀ ਨਹੀਂ ਘਬਰਾਏ ਇਸ ਮੋਕੇ,ਸੀਨੀਅਰ ਆਗੂ ਹਰੀ ਸੇਠ,ਚਰਨਜੀਤ ਬਾਤਿਸ਼ ਪੀ ਏ,ਦਿਹਾਤੀ ਪ੍ਰਧਾਨ ਬਿੱਟੂ ਢੀਗੀ,ਐਡਵੋਕੇਟ ਰੀਤਇਕਬਾਲ ਸਿੰਘ ਮਝੈਲ,ਜੁੱਤੀ ਅਭੇਪੁਰ,ਭਗਵੰਤ ਮੱਣਕੂ ਭਾਦਸੋਂ,ਹੁਸ਼ਿਆਰ ਸਿੰਘ ਕੈਦੂਪੁਰ ,ਇੰਦਰਜੀਤ ਚੀਕੂ ਸਰਪੰਚ ਥੂਹੀ,ਇਸ਼ਰ ਸਿੰਘ ਸਰਪੰਚ ਕਕਰਾਲਾ,ਬਲਵਿੰਦਰ ਸਿੰਘ ਬਬਲਾ ਪ੍ਰਧਾਨ ਸਰਪੰਚ ਯੂਨੀਅਨ,ਮਾਨਵ ਤਲਵਾੜ,ਗੁਰਦੀਪ ਸਿੰਘ ਸਾਬਕਾ ਸਰਪੰਚ ਸਾਧੋਹੇੜੀ,ਭੀਮ ਸਿੰਘ ਸਰਪੰਚ ,ਆਇਆ ਸਿੰਘ ਸਰਪੰਚ,ਸੁਖਦੇਵ ਸਿੰਘ ਸੇਖੋਂ,ਗੁਰਚਰਨ ਸਿੰਘ ਦੁਲੱਦੀ,ਚਮਕੋਰ ਸਿੰਘ ਨਿੱਕੂ,ਦਰਸ਼ੀ ਠੇਕੇਦਾਰ,ਸਵਰਨ ਸਿੰਘ ਰਾਮਗੜ,ਚੁੰਨੀ ਲਾਲ ਭਾਦਸੋਂ,ਕਸ਼ਮੀਰ ਲਾਲਕਾ,ਮਿੱਠੂ ਸੁੱਧੇਵਾਲ,ਹਰਬੰਸ ਸਿੰਘ ਮੱਲੇਵਾਲ,ਭੁਪਿੰਦਰ ਸਿੰਘ ਨਾਭਾ,ਮਨਜਿੰਦਰ ਸਿੰਘ ਜ਼ਿੰਦਗੀ,ਕਰਨੈਲ ਸਿੰਘ ਸੰਮਤੀ ਮੈਂਬਰ,ਸੰਤੋਖ ਸਿੰਘ ਸਰਪੰਚ ਬੁੱਗਾ,ਕਮਲੇਸ਼ ਰਾਣੀ ਮਹਿਲਾ ਪ੍ਰਧਾਨ,ਜਗਸੀਰ ਸਿੰਘ ਧਾਰੋਕੀ,ਰਾਜ ਕੁਮਾਰ ਹੱਲਾ,ਪਿਆਰਾ ਸਿੰਘ ਨੋਹਰਾ ,ਬਾਬਾ ਬਚਿੱਤਰ ਸਿੰਘ ਸਰਪੰਚ,ਰਾਜੂ ਸਰਪੰਚ,ਭੋਲਾ ਭਾਦਸੋਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਮੋਜੂਦ ਸਨ

## ਐਨ ਕੇ ਸ਼ਰਮਾ ਦੇ ਮੁੱਖ ਚੋਣ ਦਫਤਰ ਦੇ ਉਦਘਾਟਨ ਮੌਕੇ ਉਮੜਿਆ ਜਨ ਸੈਲਾਬ

### ਚੋਣ ਮੁਹਿੰਮ ਨੂੰ ਲੋਕਾਂ ਵੱਲੋਂ ਦਿੱਤੇ ਜਾ ਰਹੇ ਭਰਵੇਂ ਹੁੰਗਾਰੇ ਤੋਂ ਸਪਸ਼ਟ ਹੋ ਗਿਆ ਕਿ ਅਕਾਲੀ ਦਲ ਦੀ ਜਿੱਤ ਪੱਕੀ: ਐਨ ਕੇ ਸ਼ਰਮਾ

### ਸੁਰਜੀਤ ਰੱਖੜਾ, ਬੀਬੀ ਮੁਖਮੇਲਪੁਰ,ਚਰਨਜੀਤ ਬਰਾੜ, ਭੁਪਿੰਦਰ ਸ਼ੇਖੂਪੁਰਾ, ਕਬੀਰ ਦਾਸ,ਬਿੱਟੂ ਚੱਠਾ, ਮੱਖਣ ਲਾਲਕਾ, ਸੁਰਜੀਤ ਸਿੰਘ ਗੜ੍ਹੀ ਸਮੇਤ ਉਦਘਾਟਨ ਮੌਕੇ ਵੱਡੇ ਆਗੂ ਪਹੁੰਚੇ



ਪਟਿਆਲਾ, 7 ਮਈ: ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਪਾਰਲੀਮਾਨੀ ਹਲਕੇ ਤੋਂ ਉਮੀਦਵਾਰ ਐਨ ਕੇ ਸ਼ਰਮਾ ਦੇ ਮੁੱਖ ਚੋਣ ਦਫਤਰ ਦਾ ਉਦਘਾਟਨ ਅੱਜ ਕੇਂਦਰੀ ਜੇਲ੍ਹ ਰੋਡ ਪਟਿਆਲਾ ’ਤੇ ਹੋਟਲ ਸ਼ੌਰਿਆ ਦੇ ਨੇੜੇ ਕੀਤਾ ਗਿਆ।

ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਉਪਰੰਤ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਹੋਇਆ ਤੇ ਫਿਰ ਅਰਦਾਸ ਕਰ ਕੇ ਦਫਤਰ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਐਮ ਐਲ ਏ ਹਰਪ੍ਰੀਤ ਕੌਰ ਮੁਖਮੇਲਪੁਰ, ਚਰਨਜੀਤ ਸਿੰਘ ਬਰਾੜ, ਜਸਪਾਲ ਸਿੰਘ ਬਿੱਟੂ ਚੱਠਾ, ਅਮਰਿੰਦਰ ਸਿੰਘ ਬਜਾਜ, ਇੰਦਰਮੋਹਨ ਸਿੰਘ ਬਜਾਜ, ਕਬੀਰ ਦਾਸ, ਭੁਪਿੰਦਰ ਸ਼ੇਖੂਪੁਰਾ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਕਰਤਾਰਪੁਰ ਸਮੇਤ ਹੋਰ ਸੀਨੀਅਰ ਲੀਡਰਸ਼ਿਪ ਤੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਜਿਸ ਤਰੀਕੇ ਦਾ ਹੁੰਗਾਰਾ ਚੋਣ ਮੁਹਿੰਮ ਵਾਸਤੇ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਹੈ, ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਹਲਕੇ ਤੋਂ ਅਕਾਲੀ ਦਲ ਦੀ ਜਿੱਤ ਪੱਕੀ ਹੈ। ਉਹਨਾਂ ਕਿਹਾ ਕਿ ਲੋਕਾਂ ਵਿਚ ਉਹਨਾਂ ਦੀ ਚੋਣ ਮੁਹਿੰਮ ਨੂੰ ਲੈ ਕੇ ਬਹੁਤ ਉਤਸ਼ਾਹ ਹੈ ਜਿਸ ਲਈ ਉਹ ਬਹੁਤ ਧੰਨਵਾਦੀ ਹਨ। ਉਹਨਾਂ ਕਿਹਾ ਕਿ ਵੋਟਾਂ ਵਾਲੇ ਦਿਨ ਨੂੰ ਹੁਣ ਸਿਰਫ 20 ਦਿਨਾਂ ਦਾ ਸਮਾਂ ਰਹਿ ਗਿਆ ਹੈ ਜਿਸ ਦੌਰਾਨ 13 ਤਾਰੀਕ ਨੂੰ ਸਮਾਣਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਪੰਜਾਬ ਬਚਾਓ ਯਾਤਰਾ ਕੱਢਣਗੇ ਅਤੇ ਇਸ ਮਗਰੋਂ 27 ਮਈ ਨੂੰ ਫਿਰ ਤੋਂ ਸਰਦਾਰ ਬਾਦਲ ਦੇ ਪ੍ਰੋਗਰਾਮ ਹਲਕੇ ਵਿਚ ਰੱਖੇ ਜਾਣਗੇ।

ਉਹਨਾਂ ਨੇ ਸਮੂਹ ਹਲਕਾ ਇੰਚਾਰਜਾਂ, ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਹੁਣ ਸਮਾਂ ਇਕੱਲੇ ਇਕੱਲੇ ਘਰ ਤੇ ਇਕੱਲੇ ਇਕੱਲੇ ਵੋਟ ਤੱਕ ਪਹੁੰਚ ਕਰਨ ਦਾ ਹੈ, ਇਸ ਲਈ ਉਹ ਹੁਣ ਤੋਂ ਹੀ ਫੀਲਡ ਵਿਚ ਡੱਟ ਜਾਣ।

ਉਹਨਾਂ ਕਿਹਾ ਕਿ ਇਕ ਪਾਸੇ ਅਕਾਲੀ ਦਲ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹਾ ਹੈ ਤਾਂ ਦੂਜੇ ਪਾਸੇ ਭਾਜਪਾ ਤੇ ਆਪ ਕਿਸਾਨ ਵਿਰੋਧੀ ਸਾਬਤ ਹੋਏ ਹਨ। ਉਹਨਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕਿਸਾਨਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ। ਉਹਨਾਂ ਕਿਹਾ ਕਿ ਆਪ ਦੇ ਉਮੀਦਵਾਰ ਡਾ. ਬਲਬੀਰ ਸਿੰਘ 24 ਪਿੰਡਾਂ ਦੇ 400 ਕਿਸਾਨ ਪਰਿਵਾਰਾਂ ਨੂੰ ਉਹਨਾਂ ਦੀ ਐਕਵਾਇਰ ਹੋਈ ਜ਼ਮੀਨ ਦਾ ਮੁਆਵਜ਼ਾ ਨਹੀਂ ਦੁਆ ਸਕੇ ਜਿਸ ਕਾਰਨ ਇਹਨਾਂ ਪਿੰਡਾਂ ਵਾਲਿਆਂ ਨੇ ਆਪ ਤੇ ਭਾਜਪਾ ਦੇ ਉਮੀਦਵਾਰਾਂ ਦਾ ਪਿੰਡਾਂ ਵਿਚ ਦਾਖਲਾ ਬੰਦ ਕੀਤਾ ਹੋਇਆ ਹੈ।

ਉਹਨਾਂ ਕਿਹਾ ਕਿ ਇਸੇ ਤਰੀਕੇ ਡਾ. ਗਾਂਧੀ ਨੂੰ ਉਮੀਦਵਾਰ ਬਣਾਉਣ ’ਤੇ ਕਾਂਗਰਸ ਦੇ ਵਰਕਰ ਦੁਖੀ ਹਨ ਤੇ ਉਹਨਾਂ ਵਿਚ ਰੋਸ ਹੈ। ਉਹਨਾਂ ਕਿਹਾ ਕਿ ਹੁਣ ਢੁਕਵਾਂ ਸਮਾਂ ਹੈ ਕਿ ਹਰ ਵਰਗ ਨੂੰ ਅਕਾਲੀ ਦਲ ਦੇ ਨਾਲ ਜੋੜਿਆ ਜਾਵੇ।

ਇਸ ਮੌਕੇ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਲੋਕਾਂ ਵਿਚ ਭਾਜਪਾ, ਆਪ ਤੇ ਕਾਂਗਰਸ ਤਿੰਨਾਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੈ ਕੇ ਰੋਹ ਹੈ ਤੇ ਲੋਕ ਅਕਾਲੀ ਦਲ ਦੀ ਡਟਵੀਂ ਹਮਾਇਤ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਤੇ ਆਪ ਦੇ 7 ਸਾਲਾਂ ਦੇ ਰਾਜ ਵਿਚ ਜਿਥੇ ਪਿੰਡਾਂ ਤੇ ਸ਼ਹਿਰਾਂ ਵਿਚ ਸੜਕਾਂ ਤੇ ਸੀਵਰੇਜ ਸਪਲਾਈ ਦਾ ਬੁਰਾ ਹਾਲ ਹੈ, ਉਥੇ ਹੀ ਸ਼ਗਨ ਸਕੀਮ, ਆਟਾ ਦਾਲ ਸਕੀਮ ਤੇ ਬੁਢਾਪਾ ਪੈਨਸ਼ਨ ਸਮੇਤ ਹੋਰ ਸਮਾਜ ਭਲਾਈ ਲਾਭ ਬੰਦ ਕਰਨ ਕਰਕੇ ਲੋਕਾਂ ਵਿਚ ਬਹੁਤ ਗੁੱਸਾ ਹੈ।

ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਬੀਬੀ ਮੁਖਮੇਲਪੁਰ, ਚਰਨਜੀਤ ਸਿੰਘ ਬਰਾੜ, ਕਬੀਰ ਦਾਸ, ਜਸਪਾਲ ਸਿੰਘ ਬਿੱਟੂ ਚੱਠਾ, ਅਮਿਤ ਰਾਠੀ ਸ਼ਹਿਰੀ ਪ੍ਰਧਾਨ ਅਤੇ ਸੁਖਵਿੰਦਰਪਾਲ ਸਿੰਘ ਮਿੰਟਾ,ਅਮਰਿੰਦਰ ਸਿੰਘ ਬਜਾਜ, ਸੁਰਜੀਤ ਸਿੰਘ ਗੜ੍ਹੀ ਆਦਿ ਨੇ ਵੀ ਸੰਬੋਧਨ ਕੀਤਾ। ਸਟੇਜ ਸੰਚਾਲਨ ਮਹਿੰਦਰ ਸਿੰਘ ਸੋਢੀ ਨੇ ਕੀਤਾ।

## ਪੰਜਾਬ ਦੇ ਸੁਨਿਹਰੀ ਭਵਿੱਖ ਅਤੇ ਪਾਰਦਰਸ਼ੀ ਸੋਚ ਲਈ ਵਚਨਬੱਧ ਹੈ ਮਾਨ ਸਰਕਾਰ: ਗੁਰਲਾਲ ਘਨੌਰ



ਰਾਜਪੁਰਾ/ਘਨੌਰ,07 -ਰੀ):ਪਿੰਡ ਸਬਦਲਪੁਰ ਅਤੇ ਪਿੰਡ ਅਮੀਰਪੁਰ ਦੀਆ ਗ੍ਰਾਮ ਪੰਚਾਇਤਾ ਐਮ ਐਲ ਏ ਗੁਰਲਾਲ ਘਨੌਰ ਦੀ ਪ੍ਰੇਰਨਾ ਸਦਕਾ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈਆ ਹਨ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਮਲਕੀਤ ਸਿੰਘ ਸਰਪੰਚ ਸਬਦਲਪੁਰ, ਗੁਰਮੀਤ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ ਏਅਰਪੋਟ, ਸਤਵਿੰਦਰ ਸਿੰਘ ਕਾਮਰੇਡ, ਬਲਵਿੰਦਰ ਸਿੰਘ ਪੰਚ ਸਬਦਲਪੁਰ, ਜਗਜੀਤ ਸਿੰਘ ਪੰਚ ਸਬਦਲਪੁਰ,ਬੀਬੀ ਲਖਵਿੰਦਰ ਕੌਰ ਪੰਚ, ਭੁਪਿੰਦਰ ਸਿੰਘ ਪੰਚ,ਮਨਪ੍ਰੀਤ ਸਿੰਘ ਸਬਦਲਪੁਰ,ਗੁਰਮੰਗਤ ਸਿੰਘ ਨੰਬਰਦਾਰ ਸਬਦਲਪੁਰ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਭੁਪਿੰਦਰ ਸਿੰਘ ਡੀਸੀ,ਵਰਿੰਦਰ ਸਿੰਘ ਸਮੇਤ ਪਿੰਡ ਸਬਦਲਪੁਰ ਦੇ ਸੈਕੜੇ ਦੀ ਤਦਾਦ ਵਿੱਚ ‘ਆਪ’ ਵਿੱਚ ਆਉਣ ’ਤੇ ਸਵਾਗਤ ਕਰਦੇ ਹੋਏ ਪਾਰਟੀ ਚਿੰਨ ਨਾਲ ਸਨਮਾਨਿਤ ਕੀਤਾ।ਇਸੇ ਤਰ੍ਹਾਂ ਪਿੰਡ ਅਮੀਰਪੁਰ ਦੇ ਪਰਮਜੀਤ ਸਿੰਘ ਸਰਪੰਚ,ਮੋਹਨ ਸਿੰਘ ਪ੍ਰਧਾਨ, ਨਿਸ਼ਾਨ ਸਿੰਘ, ਬਲਦੇਵ ਸਿੰਘ, ਬਲਜੀਤ ਸਿੰਘ, ਹਰਜਿੰਦਰ ਸਿੰਘ, ਗਗਨਦੀਪ ਸਿੰਘ ਅਮੀਰਪੁਰ ਸਮੇਤ ਵਿਧਾਇਕ ਗੁਰਲਾਲ ਘਨੌਰ ਦੀ ਮੌਜੂਦਗੀ ਵਿੱਚ ਆਪ ਦਾ ਪੱਲਾ ਫੜ ਲਿਆ ਹੈ।ਇਸ ਮੌਕੇ ਗੁਰਲਾਲ ਘਨੌਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਰਾਜ ਦੇ ਹਰੇਕ ਖੇਤਰ ਵਿੱਚ ਵਿਕਾਸ ਕਰਨ ਲਈ ਵਿਸ਼ੇਸ਼ ਯੋਜਨਾਬੰਦੀ ਤਹਿਤ ਕੰਮਾਂ ਨੂੰ ਤਰਜੀਹ ਦ ਰਹੀ ਹੈ। ਜਿਨਾਂ ਤੋ ਪ੍ਰਭਾਵਿਤ ਹੋ ਕੇ ਲੋਕ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਨਾਲ ਹੀ ਜੁੜਨ ਨੂੰ ਪਹਿਲ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਆਪ ਸ਼ਾਮਿਲ ਹੋਣ ਵਾਲੀਆਂ ਸ਼ਖ਼ਸੀਅਤਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਇਸ ਮੌਕੇ ਐਮ ਐਲ ਏ ਗੁਰਲਾਲ ਘਨੌਰ ਨੇ ਪਿੰਡ ਸਬਦਲਪੁਰ ਅਤੇ ਹੋਰ ਪਿੰਡਾਂ ਦੀ ਸਾਝੀ ਇਕੱਤਰਤਾ ਵਿੱਚ ਸਿਹਤ ਮੰਤਰੀ ਪੰਜਾਬ ਅਤੇ ਲੋਕ ਸਭਾ ਹਲਕਾ ਪਟਿਆਲਾ ਤੋ ਆਪ ਦੇ ਉਮੀਦਵਾਰ ਡਾ ਬਲਬੀਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਕਿਹਾ ਕਿ ਪੰਜਾਬ ਦੇ ਸੁਨਿਹਰੀ ਭਵਿੱਖ ਲਈ ਜਿਥੇ ਮਾਨ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ,ਉਥੇ ਡਾ ਬਲਬੀਰ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਆਪਾ ਸੂਬਾ ਸਰਕਾਰ ਦੇ 13-0 ਦੇ ਨਾਅਰੇ ਨੂੰ ਅਮਲੀ ਰੂਪ ਦੇਣ ਚ ਯੋਗਦਾਨ ਪਾਈਏ।ਜਿਸ ਨੂੰ ਪਿੰਡ ਵਾਸੀਆਂ ਨੇ ਭਰਾਵਾਂ ਹੁੰਗਾਰਾ ਦਿੰਦਿਆਂ ਡਾ ਬਲਬੀਰ ਸਿੰਘ ਦੀ ਜਿੱਤ ਨੂੰ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ।ਇਸ ਮੌਕੇ ਬਲਾਕ ਪ੍ਰਧਾਨ ਭਗਵੰਤ ਸਿੰਘ ਸੇਹਰਾ, ਗੁਰਤਾਜ ਸੰਧੂ,ਲਖਵੀਰ ਸਿੰਘ ਗੁਜਰ, ਗੁਰਪ੍ਰੀਤ ਸਿੰਘ ਟਹਿਲਪੁਰਾ,ਧਰਮ ਸਿੰਘ ਪੱਬਰੀ,ਸੰਤ ਸਿੰਘ ਪੱਬਰੀ, ਹਰਮੇਸ਼ ਜੱਸੀ ਸੇਹਰੀ ਤੇ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਦੇ ਪੰਤਵੰਤੇ ਸੱਜਣ ਅਤੇ ਭਾਰੀ ਬੀਬੀਆਂ ਅਤੇ ਪਾਰਟੀ ਵਲੰਟੀਅਰ ਮੌਜੂਦ ਸਨ।